# ਯੂਨੀਵਰਸਿਟੀ ਦੇ ਦਾਖ਼ਲੇ ਦੀਆਂ ਤਰੀਕਾਂ ਸੰਬੰਧੀ ਵੇਰਵਾ

## 1. ਅੰਡਰ ਗ੍ਰੈਜੂਏਟ ਕੋਰਸਾਂ ਦੇ ਸਮੈਸਟਰ ਪਹਿਲਾ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਦਾਖਲਾ ਸ਼ਡਿਊਲ :

| | | |
|---|---|---|
| 1. ਦਾਖ਼ਲੇ ਦੀਆਂ ਨਾਰਮਲ ਮਿਤੀਆਂ | - | 18-08-2025 ਤੱਕ |
| 2. 100/- ਰੁਪਏ ਲੇਟ ਫੀਸ ਨਾਲ (ਪ੍ਰਿੰਸੀਪਲ ਜੀ ਦੀ ਪ੍ਰਵਾਨਗੀ ਨਾਲ) | - | 19-08-2025 ਤੋਂ 25-08-2025 ਤੱਕ |
| 3. 200/- ਰੁਪਏ ਲੇਟ ਫੀਸ ਨਾਲ (DDA ਦੀ ਪ੍ਰਵਾਨਗੀ ਨਾਲ) | - | 26-08-2025 ਤੋਂ 02-09-2025 ਤੱਕ |
| 4. 1000/- ਰੁਪਏ ਲੇਟ ਫੀਸ ਨਾਲ (ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | - | 03-09-2025 ਤੋਂ 08-09-2025 ਤੱਕ |
| 5. 5000/- ਰੁਪਏ ਲੇਟ ਫੀਸ ਨਾਲ (ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | - | 09-09-2025 ਤੋਂ 15-09-2025 ਤੱਕ |

6. ਉਪਰੋਕਤ ਲੜੀ ਨੰ. (1) ਤੋਂ (5) ਤੱਕ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਲੰਘ ਜਾਣ ਉਪਰੰਤ ਵਿਦਿਆਰਥੀਆਂ ਕੋਲੋਂ 5000/- ਰੁਪਏ ਲੇਟ ਫੀਸ + 1000/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵੱਧ ਤੋਂ ਵੱਧ 30,000/- ਰੁਪਏ ਉਸੇ ਸਮੈਸਟਰ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦੀ ਮਿਤੀ ਤੋਂ 20 ਦਿਨ ਪਹਿਲਾਂ ਤੱਕ ਬਣਦੇ ਜੁਰਮਾਨੇ ਨਾਲ ਦਾਖਲਾ ਫੀਸ ਲਈ ਜਾਵੇਗੀ ਅਤੇ ਅਜਿਹੇ ਕੇਸਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇਕੱ ਹਫਤੇ ਦੇ ਅੰਦਰ ਅੰਦਰ ਆਪਣੇ ਪ੍ਰੀਖਿਆ ਫਾਰਮ ਜਮਾਂ ਕਰਨ ਅਤੇ ਹੋਰ ਸੰਬੰਧਤ ਲੋੜੀਂਦੀਆਂ ਫੋਰਮੇਲਟੀਸ ਪੂਰੀਆਂ ਕਰਨੀਆਂ ਜਰੂਰੀ ਹੋਣਗੀਆਂ।

## 2. ਪੋਸਟ ਗ੍ਰੈਜੂਏਟ ਕੋਰਸਾਂ ਦੇ ਸਮੈਸਟਰ ਪਹਿਲਾ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਦਾਖਲਾ ਸ਼ਡਿਊਲ :

| | | |
|---|---|---|
| 1. ਦਾਖ਼ਲੇ ਦੀਆਂ ਨਾਰਮਲ ਮਿਤੀਆਂ | - | 25-08-2025 ਤੱਕ |
| 2. 100/- ਰੁਪਏ ਲੇਟ ਫੀਸ ਨਾਲ (ਪ੍ਰਿੰਸੀਪਲ ਜੀ ਦੀ ਪ੍ਰਵਾਨਗੀ ਨਾਲ) | - | 26-08-2025 ਤੋਂ 02-09-2025 ਤੱਕ |
| 3. 200/- ਰੁਪਏ ਲੇਟ ਫੀਸ ਨਾਲ (DDA ਦੀ ਪ੍ਰਵਾਨਗੀ ਨਾਲ) | - | 03-09-2025 ਤੋਂ 08-09-2025 ਤੱਕ |
| 4. 1000/- ਰੁਪਏ ਲੇਟ ਫੀਸ ਨਾਲ (ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | - | 09-09-2025 ਤੋਂ 15-09-2025 ਤੱਕ |
| 5. 5000/- ਰੁਪਏ ਲੇਟ ਫੀਸ ਨਾਲ (ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | - | 16-09-2025 ਤੋਂ 22-09-2025 ਤੱਕ |

6. ਉਪਰੋਕਤ ਵਰਨਿਤ ਲੜੀ ਨੰ. 1 (6) ਅਨੁਸਾਰ

## 3. ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਦੇ ਅਗਲੇ ਸਮੈਸਟਰਾਂ ਵਿੱਚ ਪ੍ਰਮੋਟ ਹੋਣ ਵਾਲੇ ਵਿਦਿਆਰਥੀਆਂ ਲਈ ਦਾਖਲਾ ਸ਼ਡਿਊਲ :

| | | |
|---|---|---|
| 1. ਦਾਖ਼ਲੇ ਦੀਆਂ ਨਾਰਮਲ ਮਿਤੀਆਂ | - | 18-08-2025 ਤੱਕ |
| 2. 100/- ਰੁਪਏ ਲੇਟ ਫੀਸ ਨਾਲ (ਪ੍ਰਿੰਸੀਪਲ ਜੀ ਦੀ ਪ੍ਰਵਾਨਗੀ ਨਾਲ) | - | 19-08-2025 ਤੋਂ 25-08-2025 ਤੱਕ |
| 3. 200/- ਰੁਪਏ ਲੇਟ ਫੀਸ ਨਾਲ (DDA ਦੀ ਪ੍ਰਵਾਨਗੀ ਨਾਲ) | - | 26-08-2025 ਤੋਂ 02-09-2025 ਤੱਕ |
| 4. 1000/- ਰੁਪਏ ਲੇਟ ਫੀਸ ਨਾਲ (ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | - | 03-09-2025 ਤੋਂ 08-09-2025 ਤੱਕ |
| 5. 5000/- ਰੁਪਏ ਲੇਟ ਫੀਸ ਨਾਲ (ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | - | 09-09-2025 ਤੋਂ 15-09-2025 ਤੱਕ |

6. ਉਪਰੋਕਤ ਲੜੀ ਨੰ. (1) ਤੋਂ (5) ਤੱਕ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਲੰਘ ਜਾਣ ਉਪਰੰਤ ਵਿਦਿਆਰਥੀਆਂ ਕੋਲੋਂ 5000/- ਰੁਪਏ ਲੇਟ ਫੀਸ + 1000/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵੱਧ ਤੋਂ ਵੱਧ 30,000/- ਰੁਪਏ ਉਸੇ ਸਮੈਸਟਰ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦੀ ਮਿਤੀ ਤੋਂ 20 ਦਿਨ ਪਹਿਲਾਂ ਤੱਕ ਬਣਦੇ ਜੁਰਮਾਨੇ ਨਾਲ ਦਾਖਲਾ ਫੀਸ ਲਈ ਜਾਵੇਗੀ ਅਤੇ ਅਜਿਹੇ ਕੇਸਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇਕੱ ਹਫਤੇ ਦੇ ਅੰਦਰ ਅੰਦਰ ਆਪਣੇ ਪ੍ਰੀਖਿਆ ਫਾਰਮ ਜਮਾਂ ਕਰਨ ਅਤੇ ਹੋਰ ਸੰਬੰਧਤ ਲੋੜੀਂਦੀਆਂ ਫੋਰਮੇਲਟੀਸ ਪੂਰੀਆਂ ਕਰਨੀਆਂ ਜਰੂਰੀ ਹੋਣਗੀਆਂ।

ਨੋਟ-1. ਉਪਰੋਕਤ ਦਿੱਤੀਆਂ ਦਾਖਲਾ ਤਰੀਕਾਂ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਹਨ।

2. ਬੀ.ਏ., ਬੀ.ਕਾਮ., ਬੀ.ਐਸ.ਸੀ. ਅਤੇ ਬੀ.ਸੀ.ਏ. ਸਮੈਸਟਰ ਤੀਜਾ ਅਤੇ ਪੰਜਵਾਂ ਦੇ ਗੈਪ ਵਾਲੇ ਵਿਦਿਆਰਥੀਆਂ ਦੀ ਬਿਨ੍ਹਾਂ ਲੇਟ ਫੀਸ ਦਾਖਲਾ ਮਿਤੀ ਉਪਰ ਅਨੁਸਾਰ ਹੋਵੇਗੀ।

3. ਅਕਾਦਮਿਕ ਸੈਸ਼ਨ 2025-26 ਤੋਂ ਕਾਲਜ ਵਿੱਚ ਵੱਖ-ਵੱਖ ਡਿਗਰੀ ਅਤੇ ਡਿਪਲੋਮਾ ਦੇ ਐਂਟਰੀ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਉੱਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਵੇਂ ਨਿਯਮ ਲਾਗੂ ਹੋਣਗੇ। ਰਾਸ਼ਟਰੀ ਸਿੱਖਿਆ ਨੀਤੀ 2020 ਦੇ ਨਿਯਮਾਂ ਅਨੁਸਾਰ ਯੂਨੀਵਰਸਿਟੀ ਵੱਲੋਂ ਅਕਾਦਮਿਕ ਸੈਸ਼ਨ 2025-26 ਤੋਂ ਹਰ ਕਲਾਸ ਦੇ ਪਹਿਲੇ ਸਮੈਸਟਰ ਵਿੱਚ Choice Based Credit System (CBCS)I ਲਾਗੂ ਕੀਤਾ ਗਿਆ ਹੈ।

# Admission Calender for Centralized admission portal

## CENTRALIZED ADMISSION PORTAL SCHEDULE FOR UNDER GRADUATE CLASSES

| Sr.No. | Particulars | Date/Timeline |
|---|---|---|
| 1. | Start Date of Registration of online Admission form at centralized admission portal | 24-04-2025 |
| 2. | Updating of online Admission forms at centralized portal ( after +2 result declaration) | 01-05-2025 |
| 3. | End date of submission of online admission forms | 20-06-2025 |
| 4. | Online documents verification | 21-06-2025 to 25-06-2025 |
| 5. | Display of provisional merit list | 27-06-2025 |
| 6. | Removal of Objections in the provisional merit list | 28-06-2025 to 29-06-2025 |
| 7. | Display of final merit list | 02-07-2025 |
| 8. | Counseling and first round of admission | 05-07-2025 to 12-07-2025 |
| 9. | Commencement of online open counseling | 13-07-2025 |
| 10. | Last date for UG open online counseling | 23-07-2025 |
| 11. | Last date for students to deposit fee (as per University rules) | 25-07-2025 |
| 12. | Commencement of admission with late fee (If any) as per university rules | 01-08-2025 onwords |

## CENTRALIZED ADMISSION PORTAL SCHEDULE FOR POST GRADUATE CLASSES

| Sr.No. | Particulars | Date/Timeline |
|---|---|---|
| 1. | Start Date of submission of online Admission form at centralized admission portal | 01-07-2025 |
| 2. | End date of submission of online admission forms | 20-07-2025 |
| 3. | Online documents verification | 21-07-2025 to 24-07-2025 |
| 4. | Display of provisional merit list | 25-07-2025 |
| 5. | Removal of Objections in the provisional merit list | 26-07-2025 to 27-07-2025 |
| 6. | Display of final merit list | 29-07-2025 |
| 7. | Counseling and first round of admission | 30-07-2025 to 05-08-2025 |
| 8. | Commencement of online open counseling | 06-08-2025 |
| 9. | Last date for PG open online counseling | 08-08-2025 |
| 10. | Last date for students to deposit fee (as per University rules) | 10-08-2025 |

| ਲੜੀ ਨੰਬਰ | ਕਲਾਸ | ਇੰਟਰਵਿਊ ਦੀ ਮਿਤੀ | ਫੀਸ ਜਮ੍ਹਾਂ ਕਰਵਾਉਣ ਦੀ ਮਿਤੀ | ਇੰਟਰਵਿਊ ਦਾ ਕਮਰਾ ਨੰ. |
|---|---|---|---|---|
| 1. | ਬੀ.ਏ. II (ਤੀਜਾ ਸਮੈਸਟਰ) | | | |
| 2. | ਬੀ.ਕਾਮ. II (ਤੀਜਾ ਸਮੈਸਟਰ) | | | |
| 3. | ਬੀ.ਐਸ.ਸੀ.II (ਮੈਡੀਕਲ/ਨਾਨ ਮੈਡੀਕਲ) (ਤੀਜਾ ਸਮੈਸਟਰ) | | | |
| 4. | ਐਮ.ਏ.II (Eng.)(ਤੀਜਾ ਸਮੈਸਟਰ) | | | |
| 5. | ਐਮ.ਏ.II (Eco.)(ਤੀਜਾ ਸਮੈਸਟਰ) | | | |
| 6. | ਐਮ.ਕਾਮ.II (ਤੀਜਾ ਸਮੈਸਟਰ) | | | |
| 7. | ਬੀ.ਏ.III (ਪੰਜਵਾਂ ਸਮੈਸਟਰ) | | | |
| 8. | ਬੀ.ਕਾਮ.III (ਪੰਜਵਾਂ ਸਮੈਸਟਰ) | | | |
| 9. | ਬੀ.ਐਸ.ਸੀ.III (ਮੈਡੀਕਲ/ਨਾਨ ਮੈਡੀਕਲ) (ਪੰਜਵਾਂ ਸਮੈਸਟਰ) | | | |
| 10. | ਬੀ.ਐਸ.ਸੀ. (ਇਕਨਾਮਿਕਸ/ਕੰਪਿਊਟਰ ਸਾਇੰਸ) (ਤੀਜਾ, ਪੰਜਵਾਂ ਸਮੈਸਟਰ) | | | |
| 11. | ਬੀ.ਸੀ.ਏ. (ਤੀਜਾ ਸਮੈਸਟਰ) | | | |
| 12. | ਬੀ.ਸੀ.ਏ. (ਪੰਜਵਾਂ ਸਮੈਸਟਰ) | | | |

To be notified soon

# ਪ੍ਰਿੰਸੀਪਲ ਦੀ ਕਲਮ ਤੋਂ..........

**ਡਾ. ਮੌਨਿਕਾ ਖੰਨਾ (ਪ੍ਰਿੰਸੀਪਲ)**
**ਪੀ.ਈ.ਐੱਸ.-1**



*ਪਿਆਰੇ ਵਿਦਿਆਰਥੀ ਅਤੇ ਸਤਿਕਾਰਯੋਗ ਮਾਪੇ,*

ਨਵੀਂ-ਸ਼ੁਰੂਆਤ ਨਵੀਆਂ ਉਮੀਦਾਂ ਜਗਾਉਂਦੀ ਹੈ। ਨ.ਜ.ਸ.ਅ. ਸਰਕਾਰੀ ਕਾਲਜ ਕਪੂਰਥਲਾ ਵਿੱਚ ਦਾਖਲ ਹੁੰਦੇ ਹੀ ਤੁਹਾਨੂੰ ਇਕ ਵਿਆਪਕ ਅਤੇ ਬੌਧਿਕ ਤੌਰ ਤੇ ਅਨੁਕੂਲ ਮਾਹੌਲ ਦਾ ਅਨੁਭਵ ਹੋਵੇਗਾ। ਦੇਸ਼ ਇਕ ਅਜਿਹੀ ਪੀੜ੍ਹੀ ਦੀ ਕਲਪਨਾ ਕਰਦਾ ਹੈ ਜਿਸ ਵਿੱਚ ਮਜ਼ਬੂਤ ਬੁਨਿਆਦੀ ਯੋਗਤਾਵਾਂ ਹੋਣ ਅਤੇ ਨੌਜਵਾਨ ਨਵੀਨ ਸੋਚ ਦੇ ਧਾਰਨੀ ਹੋਣ। ਨ.ਜ.ਸ.ਅ. ਸਰਕਾਰੀ ਕਾਲਜ ਕਪੂਰਥਲਾ ਦੀ ਆਪਣੀ ਇੱਕ ਅਮੀਰ ਵਿਰਾਸਤ ਹੈ ਅਤੇ ਅਸੀ ਆਪਣੇ ਵਿਦਿਆਰਥੀਆਂ ਨੂੰ ਨਾ ਸਿਰਫ ਅਕਾਦਮਿਕ ਖੇਤਰ ਵਿੱਚ ਵੱਧਣ ਫੁੱਲਣ ਦੇ ਯੋਗ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਸਗੋਂ ਉਨ੍ਹਾਂ ਨੂੰ ਚਰਿੱਤਰ ਨਿਰਮਾਣ, ਸਖਸ਼ੀਅਤ ਵਿਕਾਸ ਵੱਲ ਵੱਧਣ ਲਈ ਪ੍ਰੇਰਿਤ ਕਰਦੇ ਹਾਂ ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡੇ ਵਿਦਿਆਰਥੀ ਅਕਾਦਮਿਕ ਪ੍ਰਦਰਸ਼ਨ, ਸਹਿ ਪਾਠਕ੍ਰਮ ਭਾਗੀਦਾਰੀ ਅਤੇ ਜ਼ਿੰਮੇਵਾਰ ਨਾਗਰਿਕਤਾ ਦੇ ਸਬੰਧ ਵਿੱਚ ਉੱਚ ਪੱਧਰ ਦੀ ਪ੍ਰੰਪਰਾ ਨੂੰ ਵੀ ਕਾਇਮ ਰੱਖਣਗੇ।

ਨਵੀਂ ਸਿੱਖਿਆ ਨੀਤੀ 2020 ਦੇ ਤਹਿਤ ਸਾਨੂੰ ਹੋਰ ਨਵੀਆਂ ਉਚਾਈਆਂ ਵੱਲ ਵੱਧਣ ਦਾ ਮੌਕਾ ਮਿਲੇਗਾ। ਵਿਸ਼ਵ ਦੀ ਨਿਰੰਤਰ ਵਿਕਸਿਤ ਹੋ ਰਹੀ ਵਿਗਿਆਨਕਤਾ ਅਤੇ ਤਕਨੀਕੀ ਗਤੀਸ਼ੀਲਤਾ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਆਪ ਨੂੰ ਵਿਸ਼ਵ ਦੇ ਹਾਣ ਦਾ ਬਣਾਈਏ। ਅਸੀਂ ਆਪਣੇ ਵਿਦਿਆਰਥੀਆਂ ਵਿੱਚ ਅਥਾਹ ਮਨੁੱਖੀ ਸਰੋਤ ਦੀ ਵਰਤੋਂ ਕਰਨ ਵਿੱਚ ਮਦਦ ਕਰਨ ਲਈ ਵਚਨਬੱਧ ਹਾਂ ਅਤੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਸਹੀ ਢੰਗ ਨਾਲ ਅਤੇ ਪੂਰੀ ਸੰਭਵ ਹੱਦ ਤੱਕ ਵਰਤਿਆ ਜਾਵੇ।

ਮੈਨੂੰ ਭਰੋਸਾ ਹੈ ਕਿ ਸਾਡੇ ਵਿਦਿਆਰਥੀਆਂ, ਸਟਾਫ, ਮਾਪਿਆਂ, ਸਾਬਕਾ ਵਿਦਿਆਰਥੀਆਂ/ਐਲੂਮੀਨਾਈ ਸ਼ੁਭਚਿੰਤਕਾਂ ਅਤੇ ਦਾਨੀ ਸੱਜਣਾ ਦੇ ਸਹਿਯੋਗ ਨਾਲ ਅਸੀਂ ਦੇਸ਼ ਦੀ ਸੇਵਾ ਕਰਦੇ ਰਹਾਂਗੇ।

ਰੱਬ ਸਾਨੂੰ ਸਾਰਿਆਂ ਨੂੰ ਬਰਕਤ ਦੇਵੇ।

**ਪ੍ਰਿੰਸੀਪਲ**

*ਡਾ. ਮੌਨਿਕਾ ਖੰਨਾ*

*ਨ.ਜ.ਸ.ਅ. ਸਰਕਾਰੀ ਕਾਲਜ*

*ਕਪੂਰਥਲਾ*

# ਕਾਲਜ ਦਾ ਇਤਿਹਾਸ



ਸੁਲਤਾਨ ਉਲ ਕੌਮ
ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਜੀ

ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਆਪਣੇ ਅੰਦਰ ਲਗਭਗ ਡੇਢ ਸ਼ਤਾਬਦੀ ਦਾ ਮਾਣਮੱਤਾ ਇਤਿਹਾਸ ਸਮੋਈ ਬੈਠਾ ਹੈ। ਇਸ ਕਾਲਜ ਦੀ ਸਥਾਪਨਾ ਤਕਰੀਬਨ 169 ਸਾਲ ਪਹਿਲਾਂ 1856 ਵਿੱਚ ਕਪੂਰਥਲਾ ਰਿਆਸਤ ਦੇ ਮਹਾਰਾਜਾ ਰਣਧੀਰ ਸਿੰਘ ਜੀ ਦੁਆਰਾ ਸੰਸਕ੍ਰਿਤ ਵਿਦਿਆਲੇ ਦੇ ਰੂਪ ਵਿੱਚ ਕੀਤੀ ਗਈ। ਵਿਦਿਆਰਥੀ ਪਿੱਪਲ ਦੇ ਰੁੱਖ ਹੇਠ ਬੈਠ ਕੇ ਰਵਾਇਤੀ ਗੁਰੂ ਸ਼ਿਸ਼ ਪਰੰਪਰਾ ਅਨੁਸਾਰ ਸਿੱਖਿਆ ਪ੍ਰਾਪਤ ਕਰਦੇ ਸਨ। ਉਹ 200 ਸਾਲ ਪੁਰਾਣਾ ਰੁੱਖ ਅੱਜ ਵੀ ਕਾਲਜ ਦੇ ਵਿਹੜੇ ਨੂੰ ਸ਼ਿੰਗਾਰਦਾ ਹੈ।

1852 ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਹੋਣ ਤੋਂ ਪਹਿਲਾਂ ਕਾਲਜ ਨੂੰ ਕਲਕੱਤਾ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਸੀ। ਪ੍ਰਿਯਜਨ, ਵਿਸ਼ਾਰਦ ਅਤੇ ਸ਼ਾਸਤਰੀ ਆਦਿ ਡਿਗਰੀਆਂ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਉਰਦੂ, ਫਾਰਸੀ, ਸੰਸਕ੍ਰਿਤ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਵਿੱਚ ਸਿੱਖਿਆ ਕਰਵਾਈ ਜਾਂਦੀ ਸੀ।

1890 ਵਿੱਚ ਗੱਦੀ ਸੰਭਾਲਣ ਤੋਂ ਬਾਅਦ ਮਹਾਰਾਜਾ ਜਗਤਜੀਤ ਸਿੰਘ ਨੇ ਸਿੱਖਿਆ ਦੇ ਖੇਤਰ ਵਿੱਚ ਦਿਲਚਸਪੀ ਦਿਖਾਉਂਦਿਆਂ ਕਾਲਜ ਦੀਆਂ ਜਮਾਤਾਂ ਨੂੰ ਇੰਟਰਮੀਡੀਏਟ ਤੱਕ ਵਧਾਉਣ ਦੇ ਨਾਲ ਨਾਲ ਕਾਲਜ ਦੇ ਪਾਠਕ੍ਰਮ ਵਿੱਚ ਕੁਦਰਤੀ ਵਿਸ਼ੇ ਵੀ ਸ਼ਾਮਿਲ ਕਰਵਾਏ।

ਫਰੈਂਚ ਭਾਸ਼ਾ ਨਾਲ ਡੂੰਘਾ ਲਗਾ ਹੋਣ ਕਰਕੇ 1916 ਵਿੱਚ ਉਹਨਾਂ ਨੇ ਕਾਲਜ ਵਿੱਚ ਫਰੈਂਚ ਭਾਸ਼ਾ ਦੇ ਕੋਰਸ ਦੀ ਸ਼ੁਰੂਆਤ ਕੀਤੀ। ਵਿਦਿਆਰਥੀਆਂ ਦੀ ਵੱਧਦੀ ਗਿਣਤੀ ਨੂੰ ਧਿਆਨ 'ਚ ਰਖਦੇ ਹੋਏ1912 ਵਿੱਚ ਪੁਰਾਣੇ ਪਿੱਪਲ ਦੇ ਰੁੱਖ ਦੇ ਆਲੇ ਦੁਆਲੇ ਇੱਕ ਨਵੀਂ ਯੂ ਆਕਾਰ ਦੀ ਇਮਾਰਤ ਦੀ ਉਸਾਰੀ ਕੀਤੀ ਗਈ। ਇਹ ਇਮਾਰਤ ਜਿਸ ਵਿੱਚ ਅੱਜ ਵੀ ਵਿਦਿਆਰਥੀ ਸਿੱਖਿਆ ਹਾਸਿਲ ਕਰਦੇ ਹਨ।

ਮਹਾਰਾਜਾ ਜਗਤਜੀਤ ਸਿੰਘ ਜੀ ਦੇ ਗੱਦੀ ਤੇ ਬਿਰਾਜਮਾਨ ਹੋਣ ਦੇ ਸਿਲਵਰ ਜੁਬਲੀ ਸਮਾਗਮ ਦੀ ਯਾਦ ਵਿੱਚ ਸੰਨ 1916 ਨੂੰ ਕਾਲਜ ਵਿੱਚ ਜੁਬਲੀ ਹਾਲ ਦੀ ਉਸਾਰੀ ਕਰਵਾਈ ਗਈ। ਔਰਤਾਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ 1943 ਵਿੱਚ ਕਾਲਜ ਵਿੱਚ ਸਹਿ-ਸਿੱਖਿਆ ਸ਼ੁਰੂ ਕੀਤੀ ਗਈ ਜਿਸ ਵਿੱਚ ਭਾਵੇਂ ਸ਼ੁਰੂ ਵਿੱਚ ਕੇਵਲ 12 ਕੁੜੀਆਂ ਹੀ ਸ਼ਾਮਿਲ ਹੋਈਆਂ ਪਰ ਹੌਲੀ ਹੌਲੀ ਗਿਣਤੀ ਵਧਣ ਲੱਗੀ। ਮਹਾਰਾਜਾ ਜਗਤਜੀਤ ਸਿੰਘ ਜੀ ਨੇ ਔਰਤਾਂ ਦੀ ਸਿੱਖਿਆ ਪ੍ਰਤੀ ਵਚਨਬੱਧਤਾ ਦਿਖਾਉਂਦੇ ਹੋਏ ਰਿਆਸਤ ਦੇ ਵੱਖ ਵੱਖ ਇਲਾਕਿਆ ਵਿੱਚ ਕੁੜੀਆਂ ਲਈ ਵਿਸ਼ੇਸ਼ ਸਕੂਲ ਵੀ ਖੋਲੇ। 1946 ਵਿੱਚ ਕਾਲਜ ਵਿੱਚ ਕਲਾ ਅਤੇ ਵਿਗਿਆਨ ਦੀਆਂ ਡਿਗਰੀਆਂ ਦੀ ਪੜ੍ਹਾਈ ਸ਼ੁਰੂ ਹੋਈ ਅਤੇ 1946 ਵਿੱਚ ਐਮ.ਏ. ਅੰਗਰੇਜ਼ੀ ਦੇ ਸ਼ੁਰੂ ਹੋਣ ਦੇ ਨਾਲ ਕਾਲਜ ਇੱਕ ਪੋਸਟ ਗ੍ਰੈਜੂਏਟ ਸੰਸਥਾ ਬਣ ਗਿਆ। ਅੱਜ ਕਾਲਜ ਵਿੱਚ ਅੰਗਰੇਜ਼ੀ, ਅਰਥ-ਸ਼ਾਸਤਰ ਅਤੇ ਕਾਮਰਸ ਵਿੱਚ ਪੋਸਟ ਗ੍ਰੈਜੂਏਸ਼ਨ ਕਰਵਾਈ ਜਾਂਦੀ ਹੈ। 2006 ਵਿੱਚ ਸਵੈ ਵਿੱਤ ਦੇ ਆਧਾਰ ਤੇ ਤਿੰਨ ਨਵੇਂ ਕੋਰਸ ਪੀ.ਜੀ.ਡੀ.ਸੀ.ਏ., ਬੀ.ਐਸ.ਸੀ. ਕੰਪਿਊਟਰ ਸਾਇੰਸ ਅਤੇ ਬੀ.ਐਸ.ਸੀ. ਅਰਥਸ਼ਾਸਤਰ ਵੀ ਸ਼ੁਰੂ ਕੀਤੇ ਗਏ।

ਕਾਲਜ ਦੇ ਵਿਦਿਆਰਥੀਆਂ ਨੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿੱਚ ਵੀ ਮੱਲਾਂ ਮਾਰੀਆਂ ਹਨ। ਕਾਲਜ ਦੀਆਂ ਹਾਕੀ, ਕ੍ਰਿਕਟ, ਫੁਟਬਾਲ ਅਤੇ ਟੈਨਿਸ ਦੀਆਂ ਟੀਮਾਂ ਨੇ ਯੂਨੀਵਰਸਿਟੀ ਪੱਧਰ ਉੱਤੇ ਅਨੇਕਾਂ ਵਾਰ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਕਾਲਜ ਵਿੱਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਦੇ ਇਰਾਦੇ ਨਾਲ 1909 ਵਿੱਚ ਇੱਕ ਟਰਾਫੀ ਦੀ ਵੀ ਸ਼ੁਰੂਆਤ ਕੀਤੀ ਗਈ। ਇਹਨਾਂ ਸਾਰੀਆਂ ਕੋਸ਼ਿਸ਼ਾਂ ਸਦਕਾ ਹੀ 1929 ਵਿੱਚ ਕਾਲਜ ਦੀ ਫੁੱਟਬਾਲ ਟੀਮ ਨੇ ਇੰਟਰਮੀਡੀਏਟ ਯੂਨੀਵਰਸਿਟੀ ਟੂਰਨਾਮੈਂਟ ਵਿੱਚ ਸ਼ਾਨਦਾਰ ਜਿੱਤ ਦਰਜ ਕੀਤੀ। 1931 ਵਿੱਚ ਕਾਲਜ ਵਿੱਚ ਬਾਕਸਿੰਗ, ਬੇਸਬਾਲ ਅਤੇ ਬਾਸਕਿਟਬਾਲ ਆਦਿ ਦੀ ਵੀ ਸ਼ੁਰੂਆਤ ਕੀਤੀ ਗਈ। ਕਾਲਜ ਨੇ ਬਾਸਕਿਟਬਾਲ ਦੇ ਅਨੇਕਾਂ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਖਿਡਾਰੀ ਅਰਜਨ ਅਵਾਰਡੀ ਸੱਜਣ ਸਿੰਘ ਚੀਮਾ, ਅਰਜਨ ਅਵਾਰਡੀ ਪਰਮਿੰਦਰ ਸਿੰਘ ਭੰਡਾਲ ਅਤੇ ਕਬੱਡੀ ਵਿੱਚ ਸਰਵਣ ਸਿੰਘ ਬੱਲ ਆਦਿ ਪੈਦਾ ਕੀਤੇ ਜਿਨ੍ਹਾਂ ਨੇ ਏਸ਼ੀਆ ਅਤੇ ਵਿਸ਼ਵ ਪੱਧਰ ਉੱਪਰ ਭਾਰਤ ਦੀ ਨੁਮਾਇੰਦਗੀ ਕਰਦਿਆਂ ਕਾਲਜ ਦਾ ਨਾਮ ਰੌਸ਼ਨ ਕੀਤਾ।



ਦਸੰਬਰ 12-13, 2023 ਨੂੰ ਕਾਲਜ ਨੇ ਤੀਜੀ ਵਾਰੀ ਸਫਲਤਾਪੂਰਵਕ NAAC ਦੀ Accreditation ਕਰਵਾਈਅਤੇ $B^+$ ਗਰੇਡ ਹਾਸਲ ਕੀਤਾ।

ਡਾ. ਮੋਨਿਕਾ ਖੰਨਾ (ਪ੍ਰਿੰਸੀਪਲ) ਪੀ.ਈ.ਐੱਸ.-1

# ਟੀਚਿੰਗ ਸਟਾਫ਼

### ਅੰਗਰੇਜ਼ੀ ਵਿਭਾਗ

| | | | |
|---|---|---|---|
| 1) | ਸ਼੍ਰੀ ਮਨਜੀਤ ਸਿੰਘ | ਸਹਾਇਕ ਪ੍ਰੋਫੈਸਰ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ |
| 2) | ਸ਼੍ਰੀਮਤੀ ਮਲਿਕਾ ਮੰਡ | ਸਹਾਇਕ ਪ੍ਰੋਫੈਸਰ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ |
| 3) | ਸ਼੍ਰੀ ਸੰਦੀਪ ਸਿੰਘ | ਸਹਾਇਕ ਪ੍ਰੋਫੈਸਰ | ਐਮ.ਏ., ਯੂ.ਜੀ.ਸੀ. ਨੈੱਟ |
| 4) | ਸ਼੍ਰੀਮਤੀ ਪ੍ਰੀਤੀ | ਸਹਾਇਕ ਪ੍ਰੋਫੈਸਰ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ |
| 5) | ਡਾ. ਪਰਮੋਦ ਕੁਮਾਰ | ਸਹਾਇਕ ਪ੍ਰੋਫੈਸਰ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ (ਜੇ.ਆਰ.ਐਫ.), ਪੀਐੱਚ.ਡੀ |
| 6) | ਸ਼੍ਰੀਮਤੀ ਦੀਕਸ਼ਾ ਸਮਰਾ | ਸਹਾਇਕ ਪ੍ਰੋਫੈਸਰ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ |
| 7) | ਸ਼੍ਰੀ ਦਿਲਦਾਰ ਸਿੰਘ | ਸਹਾਇਕ ਪ੍ਰੋਫੈਸਰ | ਐਮ.ਏ., ਯੂ.ਜੀ.ਸੀ. ਨੈੱਟ |
| 8) | ਸ਼੍ਰੀਮਤੀ ਗੁਰਪ੍ਰੀਤ ਕੌਰ ਚੌਹਾਨ | ਸਹਾਇਕ ਪ੍ਰੋਫੈਸਰ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ (ਜੇ.ਆਰ.ਐਫ.) |
| 9) | ਸ਼੍ਰੀਮਤੀ ਜੋਤੀ ਦੇਵੀ | ਗੈਸਟ ਫੈਕਲਟੀ | ਐਮ.ਏ., ਐਮ.ਐੱਡ., ਯੂ.ਜੀ.ਸੀ. ਨੈੱਟ |
| | ਸ਼੍ਰੀਮਤੀ ਵਸੁੰਧਰਾ ਠਾਕੁਰ | ਗੈਸਟ ਫੈਕਲਟੀ | ਐਮ.ਏ. |

### ਪੰਜਾਬੀ ਵਿਭਾਗ

| | | | |
|---|---|---|---|
| 1) | ਸ਼੍ਰੀ ਵਿਪਨ ਕੁਮਾਰ | ਸਹਾਇਕ ਪ੍ਰੋਫੈਸਰ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ (ਜੇ.ਆਰ.ਐਫ.) |
| 2) | ਡਾ. ਜਗਜੀਤ ਸਿੰਘ | ਸਹਾਇਕ ਪ੍ਰੋਫੈਸਰ | ਐਮ.ਏ., ਯੂ.ਜੀ.ਸੀ. ਨੈੱਟ (ਜੇ.ਆਰ.ਐਫ.), ਪੀਐੱਚ.ਡੀ |
| 3) | ਸ਼੍ਰੀ ਹੈਪੀ ਕੁਮਾਰ | ਪਾਰਟ ਟਾਈਮ ਲੈਕਚਰਾਰ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ |
| 4) | ਮਿਸ ਦਲਜੀਤ ਕੌਰ | ਗੈਸਟ ਫੈਕਲਟੀ | ਐਮ.ਏ., ਯੂ.ਜੀ.ਸੀ. ਨੈੱਟ |
| 5) | ਸ਼੍ਰੀਮਤੀ ਹਰਸਿਮਰਨ ਕੌਰ | ਗੈਸਟ ਫੈਕਲਟੀ | ਐਮ.ਏ., ਐਮ.ਫਿਲ. |
| 6) | ਮਿਸ ਗੁਰਵਿੰਦਰ ਕੌਰ | ਗੈਸਟ ਫੈਕਲਟੀ | ਐਮ.ਏ., ਐਮ.ਫਿਲ. |

### ਅਰਥ-ਸ਼ਾਸਤਰ ਵਿਭਾਗ

| | | | |
|---|---|---|---|
| 1) | ਸ਼੍ਰੀਮਤੀ ਗੀਤਾ ਰਾਣੀ | ਗੈਸਟ ਫੈਕਲਟੀ | ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ |
| 2) | ਸ਼੍ਰੀਮਤੀ ਸੰਧਿਆ ਤੁਲੀ | ਗੈਸਟ ਫੈਕਲਟੀ | ਐਮ.ਏ., ਯੂ.ਜੀ.ਸੀ. ਨੈੱਟ |
| 3) | ਮਿਸ ਭੁਪਿੰਦਰ ਕੌਰ | ਗੈਸਟ ਫੈਕਲਟੀ | ਐਮ.ਏ., ਪੀ.ਜੀ.ਡੀ.ਸੀ.ਏ., ਯੂ.ਜੀ.ਸੀ. ਨੈੱਟ |
| 4) | ਮਿਸ ਮਮਤਾ | ਗੈਸਟ ਫੈਕਲਟੀ | ਐਮ.ਏ., ਯੂ.ਜੀ.ਸੀ. ਨੈੱਟ |
| 5) | ਖਾਲੀ | | |

### ਸੰਸਕ੍ਰਿਤ ਵਿਭਾਗ

| | | | |
|---|---|---|---|
| 1) | ਸ਼੍ਰੀਮਤੀ ਨੀਲਾਕਸ਼ੀ ਮਿਸਰ | ਗੈਸਟ ਫੈਕਲਟੀ | ਐਮ.ਏ. |

### ਸਰੀਰਕ ਸਿੱਖਿਆ ਵਿਭਾਗ

| | | | |
|---|---|---|---|
| 1) | ਡਾ. ਸੰਦੀਪ | ਸਹਾਇਕ ਪ੍ਰੋਫੈਸਰ | ਐਮ.ਪੀ.ਐੱਡ., ਯੂ.ਜੀ.ਸੀ. ਨੈੱਟ (ਜੇ.ਆਰ.ਐਫ.), ਪੀਐੱਚ.ਡੀ |
| 2) | ਸ਼੍ਰੀ ਰਣਜੀਤ ਕੁਮਾਰ | ਕੰਟਰੈਕਟ ਲੈਕਚਰਾਰ | ਐਮ.ਪੀ.ਐੱਡ, ਯੂ.ਜੀ.ਸੀ. ਨੈੱਟ |
| 3) | ਸ਼੍ਰੀਮਤੀ ਰੇਖਾ ਰਾਣੀ | ਗੈਸਟ ਫੈਕਲਟੀ | ਐਮ.ਪੀ.ਐੱਡ |

### ਸੰਗੀਤ ਵਿਭਾਗ (ਵੋਕਲ)

| | | | |
|---|---|---|---|
| 1) | ਸ਼੍ਰੀਮਤੀ ਜਸਪ੍ਰੀਤ ਕੌਰ | ਗੈਸਟ ਫੈਕਲਟੀ | ਐਮ.ਏ. |

### ਸੰਗੀਤ ਵਿਭਾਗ (ਸਾਜ਼)

1) ਖਾਲੀ

**ਇਤਿਹਾਸ ਵਿਭਾਗ**

| | | |
|---|---|---|
| 1) ਡਾ. ਅੰਮ੍ਰਿਤ ਕੌਰ | ਸਹਾਇਕ ਪ੍ਰੋਫੈਸਰ | ਐਮ.ਏ., (ਪੰਜਾਬੀ, ਇਤਿਹਾਸ), ਐਮ.ਐੱਡ., ਐਮ.ਫਿਲ., ਪੀਐੱਚ.ਡੀ |
| 2) ਸ਼੍ਰੀਮਤੀ ਰਸ਼ਮੀ ਵਿਰਕ | ਪਾਰਟ ਟਾਈਮ ਲੈਕਚਰਾਰ | ਐਮ.ਏ., ਐਮ.ਫਿਲ., ਯੂ.ਜੀ.ਸੀ.ਨੈੱਟ |

**ਹੋਮ ਸਾਇੰਸ ਵਿਭਾਗ**

1) ਖਾਲੀ
2) ਖਾਲੀ

**ਹਿੰਦੀ ਵਿਭਾਗ**

| | | |
|---|---|---|
| 1) ਸ਼੍ਰੀਮਤੀ ਪਰਮਿੰਦਰ ਕੌਰ | ਗੈਸਟ ਫੈਕਲਟੀ | ਐਮ.ਏ. |

**ਰਸਾਇਣ ਵਿਭਾਗ**

| | | |
|---|---|---|
| 1) ਡਾ. ਜਸਮੀਤ ਸੇਠੀ (ਮੁਖੀ) | ਐਸੋਸੀਏਟ ਪ੍ਰੋਫੈਸਰ | ਬੀ.ਐੱਸ.ਸੀ. (ਗੋਲਡ ਮੈਡਾਲਿਸਟ), ਐਮ.ਐੱਸ.ਸੀ., ਐਮ.ਫਿਲ. (ਗੋਲਡ ਮੈਡਾਲਿਸਟ), ਐਮ.ਐੱਡ., ਪੀਐੱਚ.ਡੀ |
| 2) ਸ਼੍ਰੀਮਤੀ ਹਰਪਾਲਜੀਤ ਕੌਰ | ਗੈਸਟ ਫੈਕਲਟੀ | ਐਮ.ਐੱਸ.ਸੀ., ਸੀ.ਐਸ.ਆਈ.ਆਰ., ਯੂ.ਜੀ.ਸੀ.ਨੈੱਟ |

**ਭੌਤਿਕ ਵਿਗਿਆਨ ਵਿਭਾਗ**

| | | |
|---|---|---|
| 1) ਮਿਸ ਮਹਿਕ | ਸਹਾਇਕ ਪ੍ਰੋਫੈਸਰ | ਐਮ.ਐੱਸ.ਸੀ. (ਆਨਰਜ਼), ਸੀ.ਐਸ.ਆਈ.ਆਰ., ਯੂ.ਜੀ.ਸੀ.ਨੈੱਟ (ਜੇ.ਆਰ.ਐਫ.) |
| 2) ਮਿਸ ਹਰਮਨਦੀਪ ਕੌਰ | ਸਹਾਇਕ ਪ੍ਰੋਫੈਸਰ | ਐਮ.ਐੱਸ.ਸੀ. (ਆਨਰਜ਼), ਸੀ.ਐਸ.ਆਈ.ਆਰ., ਯੂ.ਜੀ.ਸੀ.ਨੈੱਟ (ਜੇ.ਆਰ.ਐਫ.) |
| 3) ਮਿਸ ਰਾਜਬੀਰ ਕੌਰ | ਸਹਾਇਕ ਪ੍ਰੋਫੈਸਰ | ਐਮ.ਐੱਸ.ਸੀ. (ਆਨਰਜ਼), ਸੀ.ਐਸ.ਆਈ.ਆਰ., ਯੂ.ਜੀ.ਸੀ.ਨੈੱਟ (ਜੇ.ਆਰ.ਐਫ.) |

**ਜੀਵ ਵਿਗਿਆਨ ਵਿਭਾਗ**

| | | |
|---|---|---|
| 1) ਡਾ. ਸਿਮਰਨਜੀਤ ਕੌਰ | ਸਹਾਇਕ ਪ੍ਰੋਫੈਸਰ | ਐਮ.ਐਸ.ਸੀ., ਸੀ.ਐਸ.ਆਈ.ਆਰ. - ਯੂ.ਜੀ.ਸੀ.ਨੈੱਟ, ਪੀਐੱਚ.ਡੀ |
| 2) ਡਾ. ਰਾਜਵਿੰਦਰ ਕੌਰ | ਸਹਾਇਕ ਪ੍ਰੋਫੈਸਰ | ਐਮ.ਐਸ.ਸੀ., ਸੀ.ਐਸ.ਆਈ.ਆਰ.-ਯੂ.ਜੀ.ਸੀ.ਨੈੱਟ, ਪੀਐੱਚ.ਡੀ. |
| ਮਿਸ ਰਜਨੀ ਬਾਲਾ | ਗੈਸਟ ਫੈਕਲਟੀ | ਐਮ.ਐਸ.ਸੀ., ਸੀ.ਐਸ.ਆਈ.ਆਰ.-ਯੂ.ਜੀ.ਸੀ.ਨੈੱਟ |
| ਸ਼੍ਰੀਮਤੀ ਅਨੀਤਾ ਮਨੋਚਾ | ਗੈਸਟ ਫੈਕਲਟੀ | ਐਮ.ਐਸ.ਸੀ., ਸੀ.ਐਸ.ਆਈ.ਆਰ.-ਯੂ.ਜੀ.ਸੀ.ਨੈੱਟ |

**ਬਨਸਪਤੀ ਵਿਗਿਆਨ ਵਿਭਾਗ**

| | | |
|---|---|---|
| 1) ਸ਼੍ਰੀਮਤੀ ਸੁਨੀਤਾ ਸੁਮਨ | ਸਹਾਇਕ ਪ੍ਰੋਫੈਸਰ | ਐਮ.ਐਸ.ਸੀ., ਸੀ.ਐਸ.ਆਈ.ਆਰ.-ਯੂ.ਜੀ.ਸੀ.ਨੈੱਟ |
| 2) ਖਾਲੀ | | |

**ਗਣਿਤ ਵਿਭਾਗ**

| | | |
|---|---|---|
| 1) ਸ਼੍ਰੀਮਤੀ ਨਿਧੀ ਆਹੂਜਾ | ਪਾਰਟ ਟਾਈਮ ਲੈਕਚਰਾਰ | ਐਮ.ਐਸ.ਸੀ., ਬੀ.ਐੱਡ |
| 2) ਖਾਲੀ | | |

**ਕਾਮਰਸ ਵਿਭਾਗ**

| | | |
|---|---|---|
| 1) ਡਾ. ਜਸਵਿੰਦਰਜੀਤ ਕੌਰ | ਸਹਾਇਕ ਪ੍ਰੋਫੈਸਰ | ਐਮ.ਕਾਮ., ਯੂ.ਜੀ.ਸੀ.ਨੈੱਟ, (ਜੇ.ਆਰ.ਐਫ.), ਪੀਐੱਚ.ਡੀ. |
| 2) ਡਾ. ਸੰਦੀਪ ਕੌਰ | ਸਹਾਇਕ ਪ੍ਰੋਫੈਸਰ | ਐਮ.ਕਾਮ., ਯੂ.ਜੀ.ਸੀ.ਨੈੱਟ, (ਜੇ.ਆਰ.ਐਫ.), ਪੀਐੱਚ.ਡੀ. |
| 3) ਖਾਲੀ | | |
| 4) ਖਾਲੀ | | |
| 5) ਖਾਲੀ | | |
| 6) ਖਾਲੀ | | |

**ਰਾਜਨੀਤੀ ਵਿਗਿਆਨ ਵਿਭਾਗ**

| | | |
|---|---|---|
| 1) ਸ਼੍ਰੀ ਕੁਲਵਿੰਦਰ ਕੁਮਾਰ | ਗੈਸਟ ਫੈਕਲਟੀ | ਐਮ.ਏ., ਯੂ.ਜੀ.ਸੀ.ਨੈੱਟ |

**ਭੂਗੋਲ ਵਿਭਾਗ**

| | | |
|---|---|---|
| 1) ਸ਼੍ਰੀ ਰਮਨਦੀਪ | ਸਹਾਇਕ ਪ੍ਰੋਫੈਸਰ | ਐਮ.ਏ., ਯੂ.ਜੀ.ਸੀ.ਨੈੱਟ |
| 2) ਸ਼੍ਰੀਮਤੀ ਸਨੇਹ ਸ਼ਰਮਾ | ਪਾਰਟ ਟਾਈਮ ਲੈਕਚਰਾਰ | ਐਮ.ਐਸ.ਸੀ. |

**ਫ਼ਿਲਾਸਫੀ ਵਿਭਾਗ**

1) ਖਾਲੀ

**ਕੰਪਿਊਟਰ ਸਾਇੰਸ ਵਿਭਾਗ**

| | | |
|---|---|---|
| 1) ਸ਼੍ਰੀਮਤੀ ਨਿਸ਼ਾਂਤ | ਸਹਾਇਕ ਪ੍ਰੋਫੈਸਰ | ਐਮ.ਸੀ.ਏ., ਯੂ.ਜੀ.ਸੀ.ਨੈੱਟ |

**ਲਾਇਬ੍ਰੇਰੀ ਵਿਭਾਗ**

| | | |
|---|---|---|
| 1) ਖਾਲੀ | ਲਾਇਬ੍ਰੇਰੀਅਨ | |
| 2) ਖਾਲੀ | ਲਾਇਬ੍ਰੇਰੀਅਨ | |
| H.E.I.S. ਫੈਕਲਟੀ | | |

**ਨੋਟ-** 1) ਖਾਲੀ ਅਸਾਮੀਆਂ ਉੱਚ ਸਿੱਖਿਆ ਵਿਭਾਗ ਵੱਲੋਂ ਚੋਣ ਪ੍ਰਕਿਰਿਆ ਪੂਰੀ ਹੋਣ 'ਤੇ ਭਰੀਆਂ ਜਾਣਗੀਆਂ।

2) ਖਾਲੀ ਅਸਾਮੀਆਂ 'ਤੇ ਵਿਜ਼ਟਿੰਗ ਰਿਸੋਰਸ ਪਰਸਨ ਪੜ੍ਹਾ ਰਹੇ ਹਨ।

## ਦਫ਼ਤਰੀ ਅਮਲਾ

**ਸੀਨੀਅਰ ਸਹਾਇਕ**

1. **ਸ਼੍ਰੀ ਰਜਿੰਦਰ ਕੁਮਾਰ**

ਅਮਲਾ-1, ਕੋਰਟ ਕੇਸ, ਸਟਾਫ ਦੀਆਂ ਆਨਲਾਈਨ ਅਤੇ ਆਫਲਾਈਨ ਸੇਵਾ ਪੱਤਰੀਆਂ, ਤਨਖਾਹ ਫਿਕਸੇਸ਼ਣ ਅਤੇ ਲੰਬੀਆਂ ਛੁੱਟੀਆਂ, ਪ੍ਰੋਪਰਟੀ ਰਿਟਰਨਾਂ, ਸਮੂਹ ਸਟਾਫ ਅਤੇ ਪਾਰਟ ਟਾਈਮ ਲੈਕਚਰਾਰ, ਕੰਟਰੈਕਟ ਸਟਾਫ ਦੇ ਸੇਵਾ ਮਾਮਲੇ, ਆਰ.ਟੀ.ਆਈ. ਕਲਰਕ, ਮੈਡੀਕਲ ਬਿੱਲ

**ਜੂਨੀਅਰ ਸਹਾਇਕ**

2. **ਸ਼੍ਰੀ ਚੰਦਰ ਕਮਲ**

ਲੇਖਾ-1 ਅਤੇ ਲੇਖਾ-2 ਸਟਾਫ ਦੀ ਤਨਖਾਹ, ਜੀ.ਪੀ.ਐਫ., ਜੀ.ਆਈ.ਐਸ., ਐਸ.ਐਫ.ਐਸ. ਫੰਡ ਅਤੇ ਮਿਸਲੇਨੀਅਸ ਫੰਡ, ਪੀ.ਟੀ.ਏ. ਫੰਡ, ਗੈਸਟ ਫੈਕਲਟੀ ਫੰਡ, ਯੂ.ਡੀ.ਐਫ. ਫੰਡ/ਸੀ.ਡੀ.ਐਫ. ਫੰਡ ਦਾ ਕੰਮ ਆਦਿ।

3. ਖਾਲੀ
4. ਲੀਗਲ ਕਲਰਕ - ਖਾਲੀ
5. ਸਟੈਨੋ ਟਾਈਪਿਸਟ

**ਸ਼੍ਰੀਮਤੀ ਗੁਰਪ੍ਰੀਤ ਕੌਰ**

ਮੇਲ ਚੈੱਕ ਕਰਨਾ ਅਤੇ ਮੇਲ ਭੇਜਣਾ, ਨੋਟਿਸ ਟਾਈਪ ਕਰਨਾ, ਡਾਇਰੀ-ਡਿਸਪੈਚ, ਕਰੈਕਟਰ ਸਰਟੀਫਿਕੇਟ, ਦਰਜਾ ਚਾਰ ਕਰਮਚਾਰੀਆਂ ਦੀ ਡਿਊਟੀਆਂ ਦਾ ਕੰਮ, ਏ.ਸੀ.ਆਰ., ਸਟਾਫ ਦੀ ਹਾਜ਼ਰੀ ਅਤੇ ਛੁੱਟੀਆਂ ਦਾ ਰਿਕਾਰਡ, ਸਟੇਸ਼ਨਰੀ ਦਾ ਕੰਮ

6. ਕਲਰਕ ਕੰਮ ਡਾਟਾ ਐਂਟਰੀ ਆਪਰੇਟਰ।

**ਵਿਨੋਦ ਅੱਤਰੀ**

ਮੁਕੰਮਲ ਫੀਸ ਕਲਰਕ, ਰਿਟਰਨਾਂ ਭੇਜਣਾਂ, ਡੇ-ਬੁੱਕ ਲਿਖਣਾ

**ਦਰਜਾ ਚਾਰ ਕਰਮਚਾਰੀ**

1. ਸ਼੍ਰੀ ਅਜੇ ਨਾਹਰ (ਗਰਾਊਂਡਮੈਨ-ਖੇਡਾਂ)
2. ਖਾਲੀ (ਮਾਲੀ-ਕਾਲਜ ਕੈਂਪਸ ਅਤੇ ਬੁਟੈਨੀਕਲ ਗਾਰਡਨ)
3. ਖਾਲੀ ਮਾਲੀ

**ਸੇਵਾਦਾਰ**

1. ਸ.ਲਖਬੀਰ ਸਿੰਘ 2.ਖਾਲੀ 3.ਖਾਲੀ 4.ਖਾਲੀ 5. ਖਾਲੀ

**ਚੌਂਕੀਦਾਰ**

1. ਸ਼੍ਰੀ ਸੁਰਿੰਦਰ ਕੁਮਾਰ 2.ਖਾਲੀ
3. ਖਾਲੀ ਚੌਂਕੀਦਾਰ ਕਮ ਮਾਲੀ

**ਸਫਾਈ ਸੇਵਕ**

1. ਖਾਲੀ 2.ਖਾਲੀ

## ਲੈਬਾਰਟਰੀ ਸਟਾਫ਼

**ਭੌਤਿਕ ਵਿਗਿਆਨ**

1. ਸ਼੍ਰੀ ਰਾਹੁਲ ਮੱਟੂ, ਜੂਨੀਅਰ ਲੈਕਚਰ ਸਹਾਇਕ (ਬਸ ਪਾਸ ਬਣਾਉਣਾ)
2. ਸ.ਜਗਜੀਤ ਸਿੰਘ — ਲੈਬ ਅਟੈਂਡੇਂਟ
3. ਖਾਲੀ

**ਰਸਾਇਣ ਵਿਗਿਆਨ ਵਿਭਾਗ**

1. ਖਾਲੀ — ਸੀਨੀਅਰ ਲੈਕਚਰ ਸਹਾਇਕ
2. ਖਾਲੀ — ਜੂਨੀਅਰ ਲੈਕਚਰ ਸਹਾਇਕ
3. ਸ਼੍ਰੀ ਪਵਨ ਕੁਮਾਰ — ਲੈਬ ਅਟੈਂਡੇਂਟ

**ਜੀਵ ਵਿਗਿਆਨ ਵਿਭਾਗ**

1. ਖਾਲੀ — ਸੀਨੀਅਰ ਲੈਕਚਰ ਸਹਾਇਕ
2. ਖਾਲੀ — ਲੈਬ ਅਟੈਂਡੇਂਟ

**ਬਨਸਪਤੀ ਵਿਗਿਆਨ ਵਿਭਾਗ**

1. ਖਾਲੀ — ਸੀਨੀਅਰ ਲੈਕਚਰ ਸਹਾਇਕ
2. ਖਾਲੀ — ਲੈਬ ਅਟੈਂਡੇਂਟ

**ਹੋਮ ਸਾਇੰਸ ਵਿਭਾਗ**

1. ਖਾਲੀ — ਸੀਨੀਅਰ ਲੈਕਚਰ ਸਹਾਇਕ
2. ਖਾਲੀ — ਲੈਬ ਅਟੈਂਡੇਂਟ
3. ਸ਼੍ਰੀ ਲਖਵੰਤ ਸਿੰਘ — ਲੈਬ ਅਟੈਂਡੇਂਟ

**ਭੂਗੋਲ ਵਿਭਾਗ**

1. ਖਾਲੀ — ਸੀਨੀਅਰ ਲੈਕਚਰ ਸਹਾਇਕ
2. ਸ਼੍ਰੀ ਰਾਜੀਵ ਤਿਵਾੜੀ — ਸੀਨੀਅਰ ਲੈਬ ਅਟੈਂਡੇਂਟ, (ਘਰੇਲੂ ਪ੍ਰੀਖਿਆ ਕਲਰਕ ਅਤੇ ਵਿਦਿਆਰਥੀਆਂ ਦੇ D.M.C. & Degrees) (SC/BC), ਮਨਿਆਰਟੀ ਦਾ ਕੰਮ, ਵਜੀਫੇ
3. ਸ਼੍ਰੀ ਰਤਨ ਚੰਦ — ਲੈਬ ਅਟੈਂਡੇਂਟ ਵਜੀਫੇ

**ਲਾਇਬਰੇਰੀ ਸਟਾਫ਼**

1. ਖਾਲੀ — ਰਿਸਟੋਰਰ
2. ਸ਼੍ਰੀ ਰਾਜੀਵ ਕੁਮਾਰ — ਲਾਇਬ੍ਰੇਰੀ ਅਟੈਂਡੇਂਟ
3. ਸ਼੍ਰੀ ਜਗਦੇਵ ਸਿੰਘ — ਲਾਇਬ੍ਰੇਰੀ ਅਟੈਂਡੇਂਟ

**ਕਾਮਰਸ ਇਨਸਟ੍ਰਕਟਰ**

1. ਖਾਲੀ

**ਮੋਟਰਮੈਨ**

1. ਖਾਲੀ

# ਕਾਲਜ ਦੇ ਮਹੱਤਵਪੂਰਨ ਅਹੁਦੇ

**ਡਾ. ਜਸਮੀਤ ਸੇਠੀ (ਵਾਈਸ-ਪ੍ਰਿੰਸੀਪਲ)**

- ਸਟਾਫ ਸਕੱਤਰ
- ਕਨਵੀਨਰ (ਪੰਜਾਬ ਸਟੇਟ ਨੋਡਲ ਅਫਸਰ) - ਕਰੀਅਰ ਕਾਊਂਸਲਿੰਗ ਅਤੇ ਗਾਈਡੈਂਸ ਸੈੱਲ
- ਨੋਡਲ ਅਫ਼ਸਰ ਸਿਵਲ ਵਰਕ - RUSA ਕਮੇਟੀ
- ਨੋਡਲ ਅਫ਼ਸਰ ਫਾਇਨਾਂਸ -RUSA ਕਮੇਟੀ
- ਕਨਵੀਨਰ-ਔਰਤਾਂ ਸ਼ਿਕਾਇਤ ਨਿਵਾਰਣ ਕਮੇਟੀ
- ਕਨਵੀਨਰ - ਸਮਾਂ ਸਾਰਣੀ ਪ੍ਰੋਕਟੋਰੀਅਲ/ਬੱਡੀ/ਟਿਊਟੋਰਿਅਲ ਕਮੇਟੀ
- ਕਨਵੀਨਰ - ਵਿਦਿਆਰਥੀ ਭਲਾਈ ਕਮੇਟੀ
- ਕਨਵੀਨਰ - ਵਿਕਲਾਂਗ ਸਮੱਸਿਆ ਨਿਵਾਰਨ ਕਮੇਟੀ
- ਕਨਵੀਨਰ - ਸਾਇੰਸ ਅਤੇ ਐਨਵਾਇਰਮੈਂਟ ਸੋਸਾਇਟੀ
- ਕੋਆਰਡੀਨੇਟਰ - IQAR/NAAC
- ਕਨਵੀਨਰ - ਗ੍ਰੀਨ ਐਨਵਾਇਰਮੈਂਟ ਸੈੱਲ
- ਕਨਵੀਨਰ - ਅੰਡਰ ਗ੍ਰੈਜੂਏਟ ਲੜਕੀਆਂ ਅਤੇ ਵਿਸ਼ੇਸ਼ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਕਮੇਟੀ
- ਕਨਵੀਨਰ - ਲਾਇਬ੍ਰੇਰੀ ਕਮੇਟੀ
- ਕਨਵੀਨਰ - ਆਰ.ਟੀ.ਆਈ. ਕਮੇਟੀ
- ਕਨਵੀਨਰ - ਈਕੋ ਕਲੱਬ
- ਨੋਡਲ ਅਫਸਰ - ਪੀ.ਜੀ.ਆਰ.ਐਸ. (ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ)
- ਕਨਵੀਨਰ - ਗ੍ਰੀਨ ਪੰਜਾਬ ਕਮੇਟੀ

**ਡਾ. ਸੰਦੀਪ**

- ਬਰਸਰ
- ਸਕੱਤਰ / ਕੈਸ਼ੀਅਰ ਪੀ.ਟੀ.ਏ.
- ਮੈਂਬਰ ਸਕੱਤਰ-ਉੱਚ ਸਿੱਖਿਆ ਸੰਸਥਾਨ ਸੋਸਾਇਟੀ
- ਨੋਡਲ ਅਫਸਰ-ਆਲ ਇੰਡੀਆ ਸਰਵੇ ਆਨ ਹਾਇਰ ਐਜੂਕੇਸ਼ਨ
- ਕਨਵੀਨਰ-ਕਾਲਜ ਪ੍ਰਾਪਰਟੀ
- ਕਨਵੀਨਰ-ਕਾਲਜ ਵੈੱਬਸਾਈਟ ਅਤੇ ਸੀ.ਸੀ.ਟੀ.ਵੀ. ਰੱਖ-ਰਖਾਅ
- ਕੋਆਰਡੀਨੇਟਰ-RUSA ਕਮੇਟੀ

**ਸ਼੍ਰੀਮਤੀ ਨਿਸ਼ਾਂਤ**

- ਕਨਵੀਨਰ-ਬੱਸ ਪਾਸ ਕਮੇਟੀ
- ਕਨਵੀਨਰ-ਸਾਇਕੇਟ੍ਰਿਕ ਸੈੱਲ
- ਕਨਵੀਨਰ-ਸੋਸ਼ਲ ਮੀਡੀਆ ਪਬਲਿਸਿਟੀ ਕਮੇਟੀ

**ਡਾ. ਜਸਵਿੰਦਰਜੀਤ ਕੌਰ**

- ਕਨਵੀਨਰ - Intellectual Property Rights ਕਮੇਟੀ

**ਡਾ. ਸਿਮਰਨਜੀਤ ਕੌਰ**

- ਕਨਵੀਨਰ-ਤੰਦਰੁਸਤ ਪੰਜਾਬ
- ਕਨਵੀਨਰ-ਪ੍ਰਾਸਪੈਕਟਸ ਕਮੇਟੀ
- ਕਨਵੀਨਰ-ਵਿਸ਼ਾ ਤਬਦੀਲੀ ਕਮੇਟੀ

**ਮਿਸ ਮਹਿਕ**

- ਕਨਵੀਨਰ-ਰੈੱਡ ਕਰਾਸ ਕਮੇਟੀ
- ਕਨਵੀਨਰ-ਸੰਸਥਾ ਇਨੋਵੇਸ਼ਨ ਕੌਂਸਲ

**ਸ਼੍ਰੀ ਰਮਨਦੀਪ**

- ਕਨਵੀਨਰ-ਕਾਲਜ ਕੈਂਪਸ ਅਤੇ ਬਿਊਟੀਫਿਕੇਸ਼ਨ ਕਮੇਟੀ

**ਸ਼੍ਰੀ ਜਗਜੀਤ ਸਿੰਘ**

- ਕਨਵੀਨਰ-ਯੂ.ਜੀ.ਸੀ. ਕਮੇਟੀ

**ਸ਼੍ਰੀਮਤੀ ਸਨੇਹ ਸ਼ਰਮਾ**

- ਕਨਵੀਨਰ-ਨਾਗਰਿਕ ਗਤੀਵਿਧੀਆਂ ਅਤੇ ਯੁਵਾ ਭਲਾਈ ਸੇਵਾਵਾਂ
- ਕਨਵੀਨਰ-ਘਰੇਲੂ ਅਤੇ ਯੂਨੀਵਰਸਿਟੀ ਪ੍ਰੀਖਿਆ ਕਮੇਟੀ
- ਕਨਵੀਨਰ-ਸਵੱਛ ਭਾਰਤ ਅਭਿਆਨ ਕਮੇਟੀ

**ਸ਼੍ਰੀਮਤੀ ਨਿਧੀ ਕਾਂਡਾ**

- ਕਨਵੀਨਰ-ਕਾਲਜ ਐਂਟੀ-ਰੈਗਿੰਗ ਸੈੱਲ
- ਕਨਵੀਨਰ-ਕਾਲਜ ਐਨ.ਸੀ.ਸੀ.
- ਕਨਵੀਨਰ-ਸੀ.ਐਮ. ਸਕਾਲਰਸ਼ਿਪ

**ਸ਼੍ਰੀਮਤੀ ਰਸ਼ਮੀ ਵਿਰਕ**

- ਕਨਵੀਨਰ-ਐਨ.ਐਸ.ਐਸ.

**ਸ਼੍ਰੀ ਹੈਪੀ ਕੁਮਾਰ**

- ਕਨਵੀਨਰ-ਜ਼ਿਲ੍ਹਾ ਨੋਡਲ ਬੱਡੀ ਪ੍ਰੋਗਰਾਮਰ, DAOP, SVEEP, YUVA/ਚੋਣ ਸਾਖਰਤਾ ਕਲੱਬ
- ਕਨਵੀਨਰ-ਵਿਦਿਆਰਥੀ ਸ਼ਿਕਾਇਤ ਨਿਵਾਰਣ ਅਤੇ ਸੁਝਾਅ ਕਮੇਟੀ

**ਸ਼੍ਰੀ ਰਣਜੀਤ ਕੁਮਾਰ**

- ਕਨਵੀਨਰ-SC/BC ਸਕਾਲਰਸ਼ਿਪ ਕਮੇਟੀ

**ਸ਼੍ਰੀਮਤੀ ਹਰਸਿਮਰਨ ਕੌਰ ਸਡਾਨਾ**

- ਸਟਾਫ ਸੋਸ਼ਲ ਸਕੱਤਰ

# ਪੜ੍ਹਾਈ ਦੇ ਕੋਰਸ ਅਤੇ ਵਿਸ਼ੇ

**(ੳ) ਪੋਸਟ ਗ੍ਰੈਜੂਏਟ ਕੋਰਸ (Post Graduate Courses)**

1) ਐਮ.ਏ.ਅੰਗਰੇਜ਼ੀ (ਚਾਰ ਸਮੈਸਟਰ) 2) ਐਮ.ਏ.ਅਰਥ-ਸ਼ਾਸਤਰ (ਚਾਰ ਸਮੈਸਟਰ) 3) ਐਮ.ਕਾਮ. (ਚਾਰ ਸਮੈਸਟਰ)

**(ਅ) ਅੰਡਰ ਗ੍ਰੈਜੂਏਟ ਕੋਰਸ (Under Graduate Courses)**

1) ਬੀ.ਏ. (ਛੇ/ਅੱਠ ਸਮੈਸਟਰ) 2) ਬੀ.ਐਸਸੀ. (ਮੈਡੀਕਲ) (ਛੇ/ਅੱਠੇ ਸਮੈਸਟਰ)
3) ਬੀ.ਐਸਸੀ. (ਨਾਨ ਮੈਡੀਕਲ)(ਛੇ ਸਮੈਸਟਰ) 4) ਬੀ.ਕਾਮ. (ਛੇ/ਅੱਠ ਸਮੈਸਟਰ)

**(ੲ) ਸਵੈ-ਵਿੱਤੀ ਕਿੱਤਾ ਮੁਖੀ ਕੋਰਸ (Self Financing Courses)**

1) ਬੀ.ਐਸਸੀ.ਕੰਪਿਊਟਰ ਸਾਇੰਸ (ਛੇ /ਅੱਠ ਸਮੈਸਮੈਸਟਰ) 2) ਬੀ.ਐਸਸੀ.ਅਰਥ-ਸ਼ਾਸਤਰ (ਛੇ /ਅੱਠ ਸਮੈਸਟਰ)
3) ਬੀ.ਸੀ.ਏ. (ਛੇ/ਅੱਠੇ ਸਮੈਸਟਰ) 4) ਪੀ.ਜੀ.ਡੀ.ਸੀ.ਏ. (ਪੋਸਟ ਗ੍ਰੈਜੂਏਟ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ) (ਦੋ ਸਮੈਸਟਰ)

### ਬੀ.ਏ. (ਪਹਿਲੇ ਤੋਂ ਛੇਵਾਂ ਸਮੈਸਟਰ/ਅੱਠਵਾਂ ਸਮੈਸਟਰ)

**ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ ਅਤੇ ਅੰਗਰੇਜ਼ੀ (ਲਾਜ਼ਮੀ) ਤੋਂ ਇਲਾਵਾ**

1) ਚੋਣਵੀਂ ਅੰਗਰੇਜ਼ੀ 2) ਚੋਣਵੀਂ ਪੰਜਾਬੀ 3) ਹਿੰਦੀ 4) ਸੰਸਕ੍ਰਿਤ 5) ਰਾਜਨੀਤੀ ਸ਼ਾਸਤਰ 6) ਅਰਥ-ਸ਼ਾਸਤਰ
7) ਇਤਿਹਾਸ 8) ਗਣਿਤ 9) ਫਿਲਾਸਫ਼ੀ 10) ਹੋਮ ਸਾਇੰਸ 11) ਸਰੀਰਕ ਸਿੱਖਿਆ 12) ਭੂਗੋਲ
13) ਸੰਗੀਤ (ਆਵਾਜ਼) 14) ਸੰਗੀਤ (ਸਾਜ਼) 15) ਐਨਵਾਇਰਮੇਂਟ ਸਟੱਡੀ (ਤੀਜਾ ਅਤੇ ਚੌਥਾ ਸਮੈਸਟਰ)
16) ਡਰੱਗ ਅਬਯੂਜ਼ : ਪ੍ਰਾਬਲਮ, ਮੈਨਜਮੈਂਟ ਅਤੇ ਪਰਵੈਨਸ਼ਨ (ਪਹਿਲਾ ਅਤੇ ਦੂਜਾ ਸਮੈਸਟਰ) 17) ਸਕਿੱਲ ਇਨਹਾਂਸਮੈਂਟ ਕੋਰਸਿਸ (ਲਾਜ਼ਮੀ)

## ਵਿਸ਼ਿਆਂ ਦੇ ਮੇਲ

### ਬੀ.ਏ. ਸਮੈਸਟਰ ਪਹਿਲਾ

**ਹਰ ਵਿਦਿਆਰਥੀ ਹੇਠ ਲਿਖੇ ਅਨੁਸਾਰ ਕੁਲ 6 (ਛੇ) ਵਿਸ਼ੇ ਲਵੇਗਾ।**

**(ੳ) ਲਾਜ਼ਮੀ ਵਿਸ਼ੇ :-**

1) ਅੰਗਰੇਜ਼ੀ ਲਾਜ਼ਮੀ 2) ਪੰਜਾਬੀ ਲਾਜ਼ਮੀ/ਪੰਜਾਬ ਹਿਸਟਰੀ ਐਂਡ ਕਲਚਰ/ਮੁੱਢਲੀ ਪੰਜਾਬੀ
3) ਡਰੱਗ ਅਬਯੂਜ਼ : ਪ੍ਰਾਬਲਮ, ਮੈਨਜਮੈਂਟ ਅਤੇ ਪਰਵੈਨਸ਼ਨ 4) ਸਕਿੱਲ ਇਨਹਾਂਸਮੈਂਟ ਕੋਰਸਿਸ (ਲਾਜ਼ਮੀ)

ਨੋਟ- 1) ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬ ਹਿਸਟਰੀ ਐਂਡ ਕਲਚਰ ਜਾਂ ਮੁੱਢਲੀ ਪੰਜਾਬੀ ਵਿਸ਼ਾ ਉਹ ਵਿਦਿਆਰਥੀ ਹੀ ਲੈ ਸਕਦੇ ਹਨ ਜੋ ਇਸ ਪ੍ਰਾਸਪੈਕਟਸ ਦੇ ਅੰਤ ਦਿੱਤੇ ਗਏ ਯੂਨੀਵਰਸਿਟੀ ਸਿੰਡੀਕੇਟ ਫੈਸਲੇ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ।

2) ਉਹਨਾਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਐਫੀਡੇਵਿਟ ਜਿਹੜਾ ਕਿ ਪ੍ਰਾਸਪੈਕਟਸ ਦੇ ਅੰਤ ਵਿੱਚ ਦਿੱਤਾ ਗਿਆ ਹੈ, ਪੂਰੀ ਤਰ੍ਹਾਂ ਭਰ ਕੇ ਅਤੇ ਮੈਜਿਸਟਰੇਟ ਦਰਜਾ-1 ਪਾਸੋਂ ਤਸਦੀਕ ਕਰਵਾ ਕੇ ਦਾਖ਼ਲਾ ਫਾਰਮ ਦੇ ਨਾਲ ਹੀ ਦੇਣਾ ਪਵੇਗਾ।

**(ਅ) ਚੋਣਵੇਂ ਵਿਸ਼ੇ (ਤਿੰਨ) : ਹੇਠ ਲਿਖੇ ਛੇ ਗਰੁੱਪਾਂ ਵਿਚੋਂ, ਇਕ ਗਰੁੱਪ ਵਿੱਚੋਂ ਕੋਈ ਇੱਕ ਵਿਸ਼ਾ ਚੁਣਦੇ ਹੋਏ, ਤਿੰਨ ਵਿਸ਼ੇ ਲਏ ਜਾਣ।**

**ਯੂਨੀਵਰਸਿਟੀ ਨਿਯਮ**

ਗਰੁੱਪ 1. ਫੰਕਸ਼ਨਲ ਅੰਗਰੇਜ਼ੀ/ਚੋਣਵੀਂ ਅੰਗਰੇਜ਼ੀ/ਚੋਣਵੀਂ ਪੰਜਾਬੀ/ਹਿੰਦੀ/ਸੰਸਕ੍ਰਿਤ
ਗਰੁੱਪ 2. ਅਰਥ-ਸ਼ਾਸਤਰ
ਗਰੁੱਪ 3. ਇਤਿਹਾਸ/ਗਣਿਤ
ਗਰੁੱਪ 4. ਰਾਜਨੀਤੀ ਸ਼ਾਸ਼ਤਰ
ਗਰੁੱਪ 5. ਹੋਮ ਸਾਇੰਸ/ਸਰੀਰਕ ਸਿੱਖਿਆ
ਗਰੁੱਪ 6. ਫਿਲਾਸਫ਼ੀ/ਭੂਗੋਲ/ਸੰਗੀਤ (ਸਾਜ਼) ਅਤੇ ਸੰਗੀਤ (ਆਵਾਜ਼)
ਗਰੁੱਪ 7. ਸਕਿੱਲ ਇੰਨਹਾਂਸਮੈਂਟ ਕੋਰਸ 1. ਇਕਨਾਮਿਕਸ 2. ਅੰਗ੍ਰੇਜ਼ੀ 3. ਹਿਸਟਰੀ 4. ਪੋਲੀਟਿਕਲ ਸਾਇੰਸ

ਨੋਟ -

1) ਬੀ.ਏ./ਬੀ.ਐਸਸੀ./ਬੀ.ਕਾਮ./ਬੀ.ਸੀ.ਏ. ਭਾਗ ਪਹਿਲਾ ਦੇ ਸਾਰੇ ਵਿਦਿਆਰਥੀਆਂ ਲਈ ਡਰੱਗ ਅਬਯੂਜ਼ ਅਤੇ ਤੀਜਾ ਸਮੈਸਟਰ ਦੇ ਸਾਰੇ ਵਿਦਿਆਰਥੀਆਂ ਲਈ ਇਨਵਾਇਰਮੈਂਟ ਸਟੱਡੀ ਦਾ ਵਿਸ਼ਾ ਲਾਜ਼ਮੀ ਹੈ।
2) ਕੋਈ ਵੀ ਵਿਦਿਆਰਥੀ ਦੋ ਪ੍ਰੈਕਟੀਟਲ ਵਿਸ਼ਿਆਂ ਤੋਂ ਵੱਧ ਨਹੀਂ ਲੈ ਸਕਦਾ।
3) ਦਿੱਤੇ ਗਏ ਵਿਸ਼ੇ ਸੰਯੋਜਨ (ਮੇਲ) ਵਿੱਚ ਪੰਜਾਬ ਸਰਕਾਰ/ਯੂਨੀਵਰਸਿਟੀ ਦੇ ਨਵੇਂ ਹੁਕਮਾਂ ਅਨੁਸਾਰ ਤਬਦੀਲੀ ਹੋ ਸਕਦੀ ਹੈ।
4) ਵਿਦਿਆਰਥੀ ਸੰਗੀਤ (ਆਵਾਜ਼) ਅਤੇ ਸੰਗੀਤ (ਸਾਜ਼) ਇਕੱਠੇ ਲੈ ਸਕਦੇ ਹਨ।
5) ਸਰੀਰਕ ਸਿੱਖਿਆ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰੀਰਿਕ ਸਿੱਖਿਆ ਨਿਪੁੰਨਤਾ ਟੈਸਟ ਇੰਟਰਵਿਊ ਤੋਂ ਪਹਿਲਾਂ ਦੇਣਾ ਪਵੇਗਾ। ਇਹ ਟੈਸਟ ਦਾਖ਼ਲੇ ਲਈ ਮਿਥੀਆਂ ਤਰੀਕਾਂ ਵਾਲੇ ਦਿਨ ਹੀ ਸਵੇਰੇ 10-00 ਵਜੇ ਕਾਲਜ ਗਰਾਊਂਡ ਵਿੱਚ ਹੋਵੇਗਾ।
6) ਬੀ.ਏ. ਪਹਿਲਾ ਸਮੈਸਟਰ ਵਿੱਚ ਪੜ੍ਹੇ ਗਏ ਵਿਸ਼ੇ ਹੀ ਵਿਦਿਆਰਥੀਆਂ ਨੂੰ ਬਾਅਦ ਵਿੱਚ ਬਾਕੀ ਸਮੈਸਟਰਾਂ ਵਿੱਚ ਪੜ੍ਹਨੇ ਹੋਣਗੇ, ਅਰਥਾਤ ਵਿਸ਼ਾ ਬਦਲਣ ਦੀ ਆਗਿਆ ਨਹੀਂ ਹੋਵੇਗੀ।
7) ਹੋਮ ਸਾਇੰਸ ਵਿਸ਼ਾ ਕੇਵਲ ਲੜਕੀਆਂ ਹੀ ਲੈਂ ਸਕਦੀਆਂ ਹਨ।
8) ਬੀ.ਏ., ਬੀ.ਐਸ.ਸੀ. ਪਹਿਲਾ ਸਮੈਸਟਰ ਦੇ ਸਾਰੇ ਵਿਦਿਆਰਥੀਆਂ ਲਈ ਉਪਰੋਕਤ ਲਿਖੇ ਸਕਿੱਲ ਇਨਹਾਂਸਮੈਂਟ ਕੋਰਸਾਂ ਵਿੱਚੋਂ ਕੋਈ ਇੱਕ ਕੋਰਸ ਲੈਣਾ ਲਾਜ਼ਮੀ ਹੈ।

N.J.S.A.G.C.Kpt

**ਬੀ.ਐਸ ਸੀ. ਮੈਡੀਕਲ (ਸਮੈਸਟਰ ਪਹਿਲਾ ਤੋਂ ਛੇਵਾਂ/ਅੱਠਵਾਂ)**

1) ਅੰਗਰੇਜ਼ੀ ਲਾਜ਼ਮੀ 2) ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ
3) ਰਸਾਇਣਕ ਵਿਗਿਅਨ 4) ਜੀਵ ਵਿਗਿਆਨ 5) ਬਨਸਪਤੀ ਵਿਗਿਆਨ 6) ਸਕਿੱਲ ਇਨਹਾਂਸਮੈਂਟ ਕੋਰਸਿਸ (ਲਾਜ਼ਮੀ)

**ਬੀ.ਐਸ ਸੀ. ਨਾਨ ਮੈਡੀਕਲ (ਸਮੈਸਟਰ ਪਹਿਲਾ ਤੋਂ ਛੇਵਾਂ/ਅੱਠਵਾਂ)**

1) ਅੰਗਰੇਜ਼ੀ ਲਾਜ਼ਮੀ 2) ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ
3) ਭੌਤਿਕ ਵਿਗਿਅਨ 4) ਰਸਾਇਣਕ ਵਿਗਿਆਨ 5) ਗਣਿਤ /Quantitative Techniques 6) ਸਕਿੱਲ ਇਨਹਾਂਸਮੈਂਟ ਕੋਰਸਿਸ (ਲਾਜ਼ਮੀ)

**ਬੀ.ਐਸ ਸੀ. (ਇਕਨਾਮਿਕਸ) ਸਵੈ-ਵਿੱਤੀ (ਸਮੈਸਟਰ ਪਹਿਲਾ ਤੋਂ ਛੇਵਾਂ/ਅੱਠਵਾਂ)**

1) ਅੰਗਰੇਜ਼ੀ ਲਾਜ਼ਮੀ 2) ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ 3) ਇਕਨਾਮਿਕਸ 4) ਗਣਿਤ 5) ਕੰਪਿਊਟਰ ਸਾਇੰਸ
6) ਸਕਿੱਲ ਇਨਹਾਂਸਮੈਂਟ ਕੋਰਸਿਸ (ਲਾਜ਼ਮੀ)

**ਬੀ.ਐਸ ਸੀ. (ਕੰਪਿਊਟਰ ਸਾਇੰਸ) ਸਵੈ-ਵਿੱਤੀ (ਸਮੈਸਟਰ ਪਹਿਲਾ ਤੋਂ ਛੇਵਾਂ/ਅੱਠਵਾਂ)**

1) ਅੰਗਰੇਜ਼ੀ ਲਾਜ਼ਮੀ 2) ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ 3) ਗਣਿਤ 4) ਕੰਪਿਊਟਰ ਸਾਇੰਸ 5) ਭੌਤਿਕ ਵਿਗਿਆਨ

**ਬੀ.ਸੀ.ਏ. (ਸਵੈ-ਵਿੱਤੀ) (ਸਮੈਸਟਰ ਪਹਿਲਾ)**

1) Computer Fundamentals & PC Software 2) Principles of Digital Electronics 3) Applied & Discrete Mathematics 4) Lab 1 Based on Computer Fundamentals & PC Software 5) Introduction to Internet Theory) 6) Introduction to Internet (Practical) 7) Communication Skills in English-I
8) Punjabi Compulsory-1 or Mudhli Punjabi-1 or PHC (From Earliest Times to C 320)

**ਬੀ.ਸੀ.ਏ. (ਸਵੈ-ਵਿੱਤੀ) (ਸਮੈਸਟਰ ਤੀਜਾ)**

1) Introduction to C Programming 2) Data Structures and File Processing 3) Operating System 4) Cyber Security Fundamentals (Theory) 5) Lab-1 based on data structures and file processing in C 6) Lab-2 based on cyber Security Fundamentals (Practica) 7) Multi-disciplinary couse-II

**ਬੀ.ਸੀ.ਏ. (ਸਵੈ-ਵਿੱਤੀ) (ਸਮੈਸਟਰ ਪੰਜਵਾ)**

1) Software Engineering 2) Web Tehnologies 3) Operating System 4) JAVA Programming Language
5) Lab Based on JAVA Programming Language 6) Lab Based on Web Designing

ਨੋਟ- (1) ਬੀ.ਐਸਸੀ./ਬੀ.ਸੀ.ਏ. ਪਹਿਲੇ ਅਤੇ ਦੂਜੇ ਸਮੈਸਟਰ ਵਿੱਚ ਡਰੱਗ ਅਬਯੂਜ਼ : ਪ੍ਰਾਬਲਮ, ਮੈਨਜਮੈਂਟ ਅਤੇ ਪਰਵੈਨਸ਼ਨ ਦਾ ਵਿਸ਼ਾ ਲਾਜ਼ਮੀ ਹੋਵੇਗਾ।

(2) ਬੀ.ਐਸਸੀ./ਬੀ.ਸੀ.ਏ. ਤੀਜੇ ਅਤੇ ਚੌਥੇ ਸਮੈਸਟਰ ਵਿੱਚ ਇਨਵਾਇਰਮੈਂਟ ਸੱਟਡੀਜ਼ ਦਾ ਵਿਸ਼ਾ ਲਾਜ਼ਮੀ ਹੋਵੇਗਾ।

## B.Com.

**First Semester:-**
1) Appreciating English Literature - 1
2) Punjab (Compulsory) - 1/Basic Punjabi/P.H.C.
3) Financial Accounting
4) Business Organization
5) Business Statistics
6) Computer Applications in Business

**Third Semster**
1) Appreciating English Literature - 2
2) Punjabi (Compulsory)/Basic Punjabi/P.H.C.
3) Corporate Accounting
4) Company Laws
5) Financial Management
6) Computer Based Accounting

**Fifth Semester**
1) English (Compulsory)
2) Punjabi (Compulsory)/Basic Punjabi/P.H.C.
3) Management Accounting
4) Direct Tax Laws
5) Auditing
**Group : Accounting and Finacne**
6) Contemporary Accounting
7) Financial Market Operations

Note : B.Com. Semester II, IV & VI Semester Subjects as per University Syllabus.

## M.Com.

**First Semester:-**
1) Managerial Economics
2) Statistics Analysis for Business
3) Management Principles and Organisation Behaviour
4) Businesss Environment
5) Management Accounting and Control Systems
6) Seminar

**Third Semester**
1) Banking and Insurance Services
2) Seminar
**Group - I Accounting and Finance**
3) Security Analysis and Portfolio Management
4) Contemporary Accounting
**Group - II Marketing**
5) Consumer Behaviour
6) Retail Management

Note : M.Com. Semester II & IV Semester Subjects as per University Syllabus.

## M.A. English

**First Semester:-**
1) Poetry-I (Renaissance to Romance)
2) Renaissance Dramma
3) English Novel (Up to 19th Century)
4) Phonetics & Spoken English
5) Westem Literary History

**Third Semester**
1) Irish Literature
2) General Lingulstics
3) Literary Criticism
4) Indian Writing in English
5) Rhetoric and Advance Composition

Note : M.A. English Semester II & IV Semester Subjects as per University Syllabus.

## M.A. Economics

**First Semester:-**
1) Micro Economics-I
2) Macro Economics-I
3) Quantitative Methods for Economics-I
4) Public Finance
5) Computer Application

**Third Semester**
1) Economics of Development
2) International Economics-I
3) Indian Economy
4) Operation Reserach
5) Economic of agriculture

Note : M.A. Economics Semester II & IV Semester Subjects as per University Syllabus.

## PGDCCA (Self Finance)

**First Semester**
1) PC Computing-I (MS Office) 2003 (Theory) 2) PC Computing-I (MS Office) 2003 Practical) 3) PC Computing-II (Professional DTP)(Theory) 4) PC Computing-II (Professional DTP) (Practical) 5) Fundamental of Computer & Operating Systems (Theory) 6) Fundamental of Computer & Operating Systems (Practical) 7) Database Management System through Oracle-10g & System Analysis & Design (Theory) 8) Database Management System through Oracle-10g & System Analysis & Design (Practical)

**Skill Oriented Courses recognised by Jagat Guru Nanak Dev Punjab State Open University, Patialal.**

1) Certificate in Accounting & Taxation 2) Certificate Programme in GST Application
3) Certificate/Diploma in Software Development and Programming 4) Diploma in Fashion Designing

# IMPORTANT INFORMATION FOR NEW STUDENTS

**N.J.S.A. College, Kapurthala has implemented New Education Policy (NEP-2020) with effect from session 2023-24 onwards**

The salient features of this policy are four year Multi disciplinary degree (B.A./ B.S.c/ B.Com) + one year Master's degree

- The students will have option of Multiple exits from first year under graduate Programme
- The student will get Honours degree after completion of four years undergraduate programme
- Bachelors degree after three years
- Diploma after two years.
- Certificate after One year
- Student will have option to get Master's degree of one year after completion of Four year Bachelor's degree.
- These degrees have recognition in abroad also
- Two years Master Programme will also be offered
- All the Programmes under NEP-2020 will follow Credit Based Evaluation and Grading System (CBEGS)

## COURSE CREDIT

Each course shall have a certain number of credits assigned to it depending upon the academic load of the course assessed on the basis of weekly contact hours of lecture, tutorial and laboratory classes, assignments or field study or self study.

Generally, each course shall have an integer number of credits reflecting its weightage. The number of credits of a course in a semester shall ordinarily be calculated as under:

1. **Lectures/Tutorials:** One lecture hour per week shall normally be assigned on credit. One hour of tutorial per week shall be assigned one credit. Theory courses shall be generally two to four credits, and tutorials one credit each. For determining the credits of a theory course, lectures and tutorials shall be added.

2. **Practicals:** Two laboratory hours per week shall be assigned one credit. Courses other than Lectures/ Tutorials shall be treated as practical courses.

The Course credits for each course shall be given as L-T-P. For example, 3-1-0 will mean that it is a lecture based course and has 3 lectures, 1 tutorial, and no practical assigned to it. Similary, a course with 0-0-2 means that it is a practical course with 4 hours of class work. Credit will be assigned to seminar, dissertation, project etc. under the practical component.

Generally, the course work per semester will be 20 to 30 credits. A student shall register for a minimum of 20 credits in a semester. Syllabi will be designed with minimum credits required to complete a degree as follows:

| Duration of Degree Programme | Minimum Credits |
|---|---|
| One year | 45 |
| Two year | 90 |
| Three year | 135 |
| Four year | 180 |
| Five year | 225 |

**Grading System:**

The student would be awarded a letter grade on a 10 point scale on the basis of his/her performance.
Grades shall be awarded as per the following table:

## Common Grading Table

| Percentage Marks | Letter Grade | Grade Points |
|---|---|---|
| >90 to <100 | O (Outstanding) | 10 |
| >80 to <90 | A+ (Excellent) | 9 |
| >70 to <80 | A (Very Good) | 8 |
| >60 to <70 | B+ (Good) | 7 |
| >50 to >60 | B (Above Average) | 6 |
| >40 to <50 | C (Average) | 5 |
| >35 to <40 | P (Pass) | 4 |
| Below 35 | F (Fail) | 0 |
| Absent (Ab) | F (Fail) | 0 |

**Minimum Credits and Minimum CGPA required for a degree**

The credits for the courses in which a student has obtained 'P' (minimum passing grade for a course) grade or higher shall be counted as Credits earned by him/her. A student shall have to earn a minimum of such number of Credits as may be required for the award of a degree in a particular course/discipline. A student, who has obtained a minimum CGPA of 4 and earned a minimum number of Credits as per scheme as specified for the programme, shall be eligible for the award of the respective degree.

a) A student shall be required to maintain a minimum of 4 CGPA at the end of the final semester of his/her degree programme. If his/her CGPA falls below 4 at the end of final semester, the student. will be declared as having failed in that particular year and will have to seek readmission in the odd semester of the particular year. For Example: In three year UG programme, the candidate having failed in the (final) 6th semester will have to seek readmission in the 5th semester.

b) A student getting 'F' grade in any course will be treated as having failed in that course. If he/she fails in a course, he/she will have to repeat the course and will have to obtain at least 'P' grade in that course within the maximum period to complete the degree for that programme.

A student who does not complete the programme of study within the minimum duration of the course of his/her study, or gets 'F' grade in any course shall not be eligible for any merit position/medal/ award of the University.

**Note:**

1. All such students who were admitted under the non-credit based system before the implementation of credit based evaluation and grading system will be governed under the prevalent respective Ordinances of non-credit based system of examination till they pass such classes/courses.

### ਜ਼ਰੂਰੀ ਨੋਟਿਸ

ਕਾਲਜ ਵਿੱਚ ਬੀ.ਏ., ਬੀ.ਐਸ.ਸੀ., ਬੀ.ਕਾਮ., ਬੀ.ਸੀ.ਏ., ਐਮ.ਕਾਮ. ਭਾਗ ਪਹਿਲਾ ਅਤੇ ਪੀ.ਜੀ.ਡੀ.ਸੀ.ਏ. ਦੇ ਸੈਸ਼ਨ 2024-25 ਵਿੱਚ ਵਿਦਿਆਰਥੀਆਂ ਦਾ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਪੰਜਾਬ ਸਰਕਾਰ ਦੀਆਂ ਹਿਦਾਇਤਾਂ ਅਨੁਸਾਰ Punjab Admission Portal ਤੇ Online ਹੋਵੇਗਾ। ਇਸ ਵਾਸਤੇ Website https://admission.punjab.gov.in. ਹੈ। ਵਿਦਿਆਰਥੀ ਆਨ-ਲਾਈਨ ਦਾਖਲੇ ਲਈ ਅਪਲਾਈ ਕਰਨ ਵਾਸਤੇ ਦਾਖ਼ਲਾ ਫਾਰਮ ਭਰਨ ਤੋਂ ਬਾਅਦ ਕਾਲਜ ਵਲੋਂ ਦਿੱਤੀਆਂ ਮਿਤੀਆਂ ਅਨੁਸਾਰ ਕਾਲਜ ਦੇ ਕੰਪਿਊਟਰ ਵਿਭਾਗ ਵਿੱਚ ਸਵੇਰੇ 9:30 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਕਿਸੇ ਵੇਲੇ ਵੀ ਸੰਪਰਕ ਕਰ ਸਕਦੇ ਹਨ।

# ਕੰਪਿਊਟਰ ਸਿੱਖਿਆ

ਕਾਲਜ ਵਿੱਚ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਅਤ ਬਣਾਉਣ ਲਈ ਇੱਕ ਵਧੀਆ ਕੰਪਿਊਟਰ ਲੈਬ ਬਣਾਈ ਗਈ ਹੈ। ਕਾਲਜ ਵਿੱਚ ਗ੍ਰੈਜੂਏਸ਼ਨ ਤੋਂ ਬਾਅਦ ਵਿਦਿਆਰਥੀਆਂ ਨੂੰ ਨੌਕਰੀ ਯੋਗ ਬਣਾਉਣ ਲਈ Short Term Add on Courses,60 ਘੰਟੇ, 80 ਘੰਟੇ ਅਤੇ 100 ਘੰਟੇ ਕੰਪਿਊਟਰ ਕੋਰਸ, ਘੱਟ ਖਰਚੇ ਤੇ ਚਲਾਏ ਜਾਣਗੇ। ਇਹ ਕੋਰਸ ਵਿਦਿਆਰਥੀ ਕਾਲਜ ਦੀ ਪੜ੍ਹਾਈ ਦੇ ਨਾਲ-ਨਾਲ, ਕਾਲਜ ਸਮੇਂ ਵਿੱਚ ਕਾਲਜ ਦੀ ਕੰਪਿਊਟਰ ਲੈਬ ਵਿੱਚ ਹੀ ਕਰ ਸਕਣਗੇ। High Profile ਦੇ ਤਜਰਬੇਕਾਰ ਵਿਅਕਤੀ ਵਿਦਿਆਰਥੀਆਂ ਨੂੰ ਸਿੱਖਿਆ ਦੇਣਗੇ ਅਤੇ ਕੋਰਸ ਹੋਣ 'ਤੇ ਮਾਨਤਾ ਸਰਟੀਫਿਕੇਟ ਵੀ ਦਿੱਤੇ ਜਾਣਗੇ।

# ਕਲਾਸਾਂ ਵਿੱਚ ਦਾਖ਼ਲੇ ਲਈ ਉਪਲਬਧ ਸੀਟਾਂ

| | | | |
|---|---|---|---|
| ਬੀ.ਏ. (ਪਹਿਲਾ ਸਮੈਸਟਰ) | 560 | ਬੀ.ਐਸਸੀ. ਮੈਡੀਕਲ (ਪਹਿਲਾ ਸਮੈਸਟਰ) | 80 |
| ਬੀ.ਐਸਸੀ. ਨਾਨ-ਮੈਡੀਕਲ (ਪਹਿਲਾ ਸਮੈਸਟਰ) | 80 | ਬੀ.ਐਸਸੀ. ਕੰਪਿਊਟਰ ਸਾਇੰਸ (ਪਹਿਲਾ ਸਮੈਸਟਰ) | 60 |
| ਬੀ.ਐਸਸੀ. ਇਕਨਾਮਿਕਸ (ਪਹਿਲਾ ਸਮੈਸਟਰ) | 80 | ਬੀ.ਕਾਮ. (ਪਹਿਲਾ ਸਮੈਸਟਰ) | 75 |
| ਐਮ.ਏ. ਅੰਗਰੇਜ਼ੀ (ਪਹਿਲਾ ਸਮੈਸਟਰ) | 60 | ਐਮ.ਏ. ਅਰਥ-ਸ਼ਾਸਤਰ (ਪਹਿਲਾ ਸਮੈਸਟਰ) | 60 |
| ਐਮ.ਕਾਮ. (ਪਹਿਲਾ ਸਮੈਸਟਰ) | 60 | ਪੀ.ਜੀ.ਡੀ.ਸੀ.ਏ. | 40 |
| ਬੀ.ਸੀ.ਏ. | 60 | | |

# ਦਾਖ਼ਲੇ ਸੰਬੰਧੀ ਨਿਯਮ

1. ਬੀ.ਏ. ਸਮੈਸਟਰ ਪਹਿਲਾ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 40% ਅੰਕ ਅਤੇ ਬੀ.ਐਸਸੀ./ਬੀ.ਕਾਮ. ਪਹਿਲਾ ਸਮੈਸਟਰ ਵਿੱਚ ਦਾਖ਼ਲਾ ਲੈਣ ਲਈ ਘੱਟ ਤੋਂ ਘੱਟ 45% ਅੰਕ ਜ਼ਰੂਰ ਪ੍ਰਾਪਤ ਕੀਤੇ ਹੋਣ। ਦਾਖ਼ਲਾ ਮੈਰਿਟ ਦੇ ਆਧਾਰ ਤੇ ਹੋਵੇਗਾ।
2. ਪਾਤਰਤਾ ਸੰਬੰਧੀ ਸ਼ਰਤਾਂ
   (ੳ) ਵਿਦਿਆਰਥੀ ਨੂੰ ਕੋਰਸ ਦੇ ਤੀਜੇ ਸਮੈਸਟਰ ਵਿੱਚ ਤਾਂ ਹੀ ਪਰਮੋਟ ਕੀਤਾ ਜਾਵੇਗਾ, ਜੇਕਰ ਉਸਨੇ ਪਹਿਲੇ ਦੋ ਸਮੈਸਟਰ ਦੇ ਘੱਟ ਤੋਂ ਘੱਟ ਅੱਧੇ ਪੇਪਰ (50%) ਪਾਸ ਕੀਤੇ ਹੋਣ।
   (ਅ) ਇਸੇ ਤਰ੍ਹਾਂ ਵਿਦਿਆਰਥੀ ਨੂੰ ਕੋਰਸ ਦੇ ਪੰਜਵੇਂ ਸਮੈਸਟਰ ਵਿੱਚ ਤਾਂ ਹੀ ਪਰਮੋਟ ਕੀਤਾ ਜਾਵੇਗਾ ਜੇਕਰ ਉਸਨੇ ਪਹਿਲੇ ਚਾਰ ਸਮੈਸਟਰ ਦੇ ਘੱਟ ਤੋਂ ਘੱਟ ਪੇਪਰ (50% ਪੇਪਰ) ਪਾਸ ਕੀਤੇ ਹੋਣ।
   (ੲ) ਵਿਦਿਆਰਥੀ ਨੂੰ ਛੇਵੇਂ ਸਮੈਸਟਰ ਵਿੱਚ ਦਾਖਲਾ ਲੈਣ ਲਈ ਜ਼ਰੂਰੀ ਹੈ ਕਿ ਉਸ ਨੇ ਪਹਿਲੇ ਸਮੈਸਟਰ ਦੇ ਸਾਰੇ ਪੇਪਰ ਪਾਸ ਕਰ ਲਏ ਹੋਣ।
   (ਸ) ਪਹਿਲੇ ਸਮੈਸਟਰ ਤੋਂ ਦੂਜੇ ਸਮੈਸਟਰ ਲਈ, ਤੀਜੇ ਸਮੈਸਟਰ ਤੋਂ ਚੌਥੇ ਸਮੈਸਟਰ ਲਈ ਅਤੇ ਪੰਜਵੇਂ ਤੋਂ ਛੇਵੇਂ ਸਮੈਸਟਰ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ।
3. ਕਾਲਜ ਵਿੱਚ ਦਾਖ਼ਲਾ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਅਕਾਦਮਿਕ ਆਧਾਰ ਤੇ ਕੀਤਾ ਜਾਵੇਗਾ।
4. ਕਾਲਜ ਦੇ ਜਿਹੜੇ ਪੁਰਾਣੇ ਵਿਦਿਆਰਥੀਆਂ ਨੇ ਪਹਿਲਾਂ ਇਮਤਿਹਾਨ ਦੀਆਂ ਸ਼ਰਤਾਂ ਪੂਰੀਆਂ ਹੋਣ ਦੇ ਬਾਵਜੂਦ ਕਿਸੇ ਕਾਰਨ ਵੀ ਇਮਤਿਹਾਨ ਨਹੀਂ ਦਿੱਤਾ, ਉਹਨਾਂ ਨੂੰ ਦਾਖ਼ਲਾ ਵਰਤਮਾਨ ਮੈਰਿਟ ਆਧਾਰ ਤੇ ਹੀ ਦਿੱਤਾ ਜਾਵੇਗਾ।
5. ਇੰਟਰਵਿਊ/ਦਾਖ਼ਲੇ ਦੇ ਸਮੇਂ ਵਿਦਿਆਰਥੀਆਂ ਨੂੰ ਅਸਲ ਸਰਟੀਫਿਕੇਟ ਦਿਖਾਉਣੇ ਲਾਜ਼ਮੀ ਹਨ।
6. ਵਿਦਿਆਰਥੀ ਇੱਕ ਹੀ ਫੈਕਲਟੀ ਵਿੱਚ ਦਾਖ਼ਲਾ ਫ਼ਾਰਮ ਭਰ ਸਕਦਾ ਹੈ। ਦੋ ਫੈਕਲਟੀ ਵਿੱਚ ਫ਼ਾਰਮ ਭਰਨ ਦੀ ਸੂਰਤ ਵਿੱਚ ਪਤਾ ਲੱਗਣ ਤੇ ਉਸਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।
7. ਉਮੀਦਵਾਰ ਨੂੰ ਦਾਖ਼ਲੇ ਲਈ ਬਿਨਾਂ ਕੋਈ ਕਾਰਨ ਦੱਸੇ ਨਾਂਹ ਕੀਤੀ ਜਾ ਸਕਦੀ ਹੈ। ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ।

8. Reservation & Common Weightage Policy 2021

| | Category | | % age |
|---|---|---|---|
| 1) | General | : | 52% |
| 2) | Schedule Caste | : | 20% |
| 3) | Backward Class | : | 8% |
| 4) | Ex-Serviceman/Ex-Serviceman (Dependent) | : | 13% |
| | Ex-Serviceman/Ex-Serviceman (Dependent) General | : | 7% |
| | Ex-Serviceman/Ex-Serviceman (Dependent) SC | : | 4% |
| | Ex-Serviceman/Ex-Serviceman (Dependant) BC | : | 2% |
| 5) | Freedom Fighters (General) | : | 1% |
| 6) | Persons with Disability | : | 3% |
| 7) | Sports | : | 3% |
| | Sports (General) | : | 2% |
| | Sports (SC) | : | 1% |

9. ਫੇਲ੍ਹ ਅਤੇ ਕੰਪਾਰਟਮੈਂਟ ਵਾਲੇ ਵਿਦਿਆਰਥੀ ਨੂੰ ਬੀ.ਕਾਮ.(ਪਹਿਲਾ ਸਮੈਸਟਰ) ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

10. 10+2 ਜਮਾਤ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਬੀ.ਏ. ਸਮੈਸਟਰ ਪਹਿਲਾਂ ਵਿੱਚ ਦਾਖ਼ਲਾ ਤਾਂ ਹੀ ਦਿੱਤਾ ਜਾਵੇਗਾ, ਜੇਕਰ ਯੂਨੀਵਰਸਿਟੀ ਵੱਲੋਂ ਇਸ ਬਾਰੇ ਹਦਾਇਤਾਂ ਪ੍ਰਾਪਤ ਹੋਣਗੀਆਂ।

11. ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹਦਾਇਤ ਅਨੁਸਾਰ ਬੀ.ਕਾਮ. ਸਮੈਸਟਰ ਪਹਿਲਾ ਦਾ ਦਾਖ਼ਲਾ, ਨਿਰੋਲ ਮੈਰਿਟ ਦੇ ਆਧਾਰ ਤੇ 10+2 ਦੀ ਵਿੱਦਿਅਕ ਯੋਗਤਾ ਮੁਤਾਬਕ ਕੀਤਾ ਜਾਵੇਗਾ।

12. ਬੀ.ਏ., ਬੀ.ਐਸ.ਸੀ. ਪਹਿਲਾ, ਤੀਜਾ ਅਤੇ ਪੰਜਵਾਂ ਸਮੈਸਟਰ (ਸਾਇੰਸ) ਲਈ ਨਿਰਧਾਰਿਤ ਸੀਟਾਂ ਦੀ ਗਿਣਤੀ ਤੋਂ ਘੱਟ ਦਾਖ਼ਲਾ ਹੋਣ ਤੇ ਫੇਲ੍ਹ ਅਤੇ ਕੰਪਾਰਟਮੈਂਟ ਵਾਲੇ ਵਿਦਿਆਰਥੀ ਦੇ ਦਾਖ਼ਲੇ ਤੇ ਯੂਨੀਵਰਸਿਟੀ ਨਿਯਮਾਂ ਮੁਤਾਬਿਕ ਵਿਚਾਰ ਕੀਤਾ ਜਾ ਸਕਦਾ ਹੈ।

13. ਅਗਰ ਕਿਸੇ ਵਿਸ਼ੇ ਵਿੱਚ 15 ਤੋਂ ਘੱਟ ਵਿਦਿਆਰਥੀਆਂ ਦਾ ਦਾਖ਼ਲਾ ਹੁੰਦਾ ਹੈ ਤਾਂ ਇਹ ਵਿਸ਼ਾ ਨਹੀਂ ਦਿੱਤਾ ਜਾਵੇਗਾ ਅਤੇ ਵਿਦਿਆਰਥੀ ਨੂੰ ਵਿਸ਼ਾ ਬਦਲ ਕੇ ਹੋਰ ਵਿਸ਼ਾ ਲੈਣਾ ਪਵੇਗਾ।

14. ਬੀ.ਏ. ਸਮੈਸਟਰ ਪਹਿਲਾ ਵਿੱਚ ਦਾਖ਼ਲਾ ਸਟਾਫ਼ ਦੀ ਹੋਂਦ ਅਨੁਸਾਰ ਅਤੇ ਨਿਰੋਲ ਮੈਰਿਟ ਤੇ ਹੋਵੇਗਾ, ਇਸ ਲਈ ਵਿਦਿਆਰਥੀ ਦਾਖ਼ਲਾ ਫਾਰਮ ਨਿਸਚਿਤ ਤਰੀਕ ਤੋਂ ਪਹਿਲਾਂ ਹੀ ਜਮ੍ਹਾਂ ਕਰਵਾਉਣ।

15. ਦਾਖ਼ਲਾ ਕਮੇਟੀ ਦੁਆਰਾ ਸਿਲੈਕਸ਼ਨ ਹੋ ਜਾਣ ਤੇ ਵਿਦਿਆਰਥੀ ਨੇ 48 ਘੰਟੇ ਦੇ ਅੰਦਰ ਫੀਸ ਜਮ੍ਹਾਂ ਕਰਵਾਉਣੀ ਹੈ। ਅਜਿਹਾ ਇਸ ਤਰ੍ਹਾਂ ਨਾ ਕਰਨ ਦੀ ਹਾਲਤ ਵਿੱਚ ਸੀਟ ਕੈਂਸਲ ਹੋ ਜਾਵੇਗੀ ਤੇ ਮੈਰਿਟ ਵਿੱਚ ਅਗਲੇ ਵਿਦਿਆਰਥੀ ਨੂੰ ਦਾਖ਼ਲਾ ਦੇ ਦਿੱਤਾ ਜਾਵੇਗਾ।

16. ਐਮ.ਕਾਮ. ਪਹਿਲੇ ਸਮੈਸਟਰ ਦੇ ਦਾਖ਼ਲੇ ਲਈ ਵਿਦਿਆਰਥੀ ਨੇ ਬੀ.ਕਾਮ./ਬੀ.ਬੀ.ਏ./ਬੀ.ਕਾਮ. (ਪ੍ਰੋਫੈਸਨਲ) ਕਲਾਸ ਵਿਚੋਂ ਘੱਟ ਤੋਂ ਘੱਟ 50% ਅੰਕ ਜ਼ਰੂਰ ਹਾਸਲ ਕੀਤੇ ਹੋਣ ਅਤੇ ਦਾਖ਼ਲਾ ਮੈਰਿਟ ਦੇ ਆਧਾਰ ਤੇ ਹੋਵੇਗਾ।

17. ਐਮ.ਏ. (ਅੰਗਰੇਜ਼ੀ) ਅਤੇ ਐਮ.ਏ. (ਅਰਥ-ਸ਼ਾਸਤਰ) ਵਿੱਚ ਦਾਖ਼ਲਾ ਮੈਰਿਟ ਦੇ ਆਧਾਰ ਤੇ ਹੋਵੇਗਾ। ਜਿਹਨਾਂ ਵਿਦਿਆਰਥੀਆਂ ਨੇ ਵਨ ਸਿਟਿੰਗ ਗ੍ਰੈਜੂਏਸ਼ਨ ਪਾਸ ਕੀਤੀ ਹੈ, ਉਨ੍ਹਾਂ ਨੂੰ ਐਮ.ਏ. ਕਲਾਸਾਂ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹੇਠ ਲਿਖਿਆਂ ਵਿਚੋਂ ਇੱਕ ਪਾਸ ਕੀਤਾ ਹੋਵੇ।

(ੳ) ਅੰਗਰੇਜ਼ੀ ਵਿਸ਼ੇ ਵਿੱਚ ਬੀ.ਏ. ਦਾ ਇਮਤਿਹਾਨ ਆਨਰਜ਼ ਨਾਲ ਪਾਸ ਕੀਤਾ ਹੋਵੇ।

ਜਾਂ

(ਅ) ਬੀ.ਏ. ਦੀ ਡਿਗਰੀ ਇਸ ਯੂਨੀਵਰਸਿਟੀ ਜਾਂ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਕਿਸੇ ਵੀ ਫੈਕਲਟੀ ਵਿੱਚ 50% ਅੰਕਾਂ ਨਾਲ ਪਾਸ ਕੀਤੀ ਹੋਵੇ।

ਜਾਂ

(ੲ) ਫਿਜ਼ੀਕਲ ਐਜੂਕੇਸ਼ਨ ਵਿੱਚ ਡਿਪਲੋਮਾ ਜਾਂ ਲਾਇਬ੍ਰੇਰੀ ਸਾਇੰਸ ਵਿੱਚ ਪੋਸਟ ਗਰੈਜੂਏਟ ਡਿਪਲੋਮਾ 50% ਅੰਕਾਂ (ਐਗਰੀਗੇਟ ਵਿਚੋਂ) ਨਾਲ ਕੀਤਾ ਹੋਵੇ ਅਤੇ ਜੋ ਬੀ.ਏ. ਜਾਂ ਬੀ.ਐਸਸੀ. ਪਾਸ ਕਰਨ ਤੋਂ ਬਾਅਦ ਕੀਤਾ ਗਿਆ ਹੋਵੇ।

(ਸ) ਪੂਰੇ ਵਿਸ਼ਿਆਂ ਨਾਲ ਬੀ.ਏ. ਜਾਂ ਬੀ.ਐਸਸੀ. ਪਾਸ ਕੀਤੀ ਹੋਵੇ ਜਾਂ ਬੀ.ਏ. ਦੀ ਡਿਗਰੀ ਕੇਵਲ ਇੰਗਲਿਸ਼ ਨਾਲ ਆਰਡੀਨੈਂਸ ਰਾਹੀਂ 45% ਅੰਕਾਂ ਨਾਲ ਪੋਸਟ ਗਰੈਜੂਏਟ ਕੋਰਸ ਵਿੱਚ ਇਲੈਕਟਿਵ ਵਿਸ਼ੇ ਦੇ ਤੌਰ ਤੇ ਪ੍ਰਾਪਤ ਕੀਤੀ ਹੋਵੇ।

(ਹ) ਐਮ.ਏ. ਦੀ ਡਿਗਰੀ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਹੋਵੇ।

ਜਾਂ

(ਕ) ਐਮ.ਏ. ਦੀ ਡਿਗਰੀ ਕਿਸੇ ਹੋਰ ਵਿਸ਼ੇ ਜਾਂ ਕਿਸੇ ਹੋਰ ਫੈਕਲਟੀ ਵਿੱਚ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਵਿਚੋਂ ਪ੍ਰਾਪਤ ਕੀਤੀ ਹੋਵੇ।

18. ਖੇਡਾਂ, ਸੱਭਿਆਚਾਰ, ਐਨ.ਸੀ.ਸੀ., ਐਨ.ਐਸ.ਐਸ. ਅਤੇ ਕੋਈ ਹੋਰ ਖੇਤਰ ਵਿੱਚ ਯੂਨੀਵਰਸਿਟੀ/ਸਟੇਟ ਲੈਵਲ ਪ੍ਰਾਪਤੀ ਹੋਣ ਤੇ ਵਿਦਿਆਰਥੀ ਦੇ ਦਾਖ਼ਲੇ ਤੇ ਵਿਚਾਰ ਕੀਤਾ ਜਾ ਸਕਦਾ ਹੈ।

19. ਜਿਹੜਾ ਵਿਦਿਆਰਥੀ ਕਿਸੇ ਦੂਜੇ ਕਾਲਜ ਤੋਂ ਇਸ ਕਾਲਜ ਵਿੱਚ ਬਦਲ ਕੇ ਆਉਂਦਾ ਹੈ, ਉਸ ਤੋਂ ਨਵੀਂ ਦਾਖ਼ਲਾ ਫ਼ੀਸ ਲਈ ਜਾਵੇਗੀ।

20. ਕਾਲਜ ਵਿੱਚ ਵਿਦਿਆਰਥੀ ਜੋ ਵੀ ਪੈਸਾ ਜਮ੍ਹਾਂ ਕਰਵਾਉਂਦਾ ਹੈ ਉਸ ਦੀ ਰਸੀਦ ਜ਼ਰੂਰ ਲਈ ਜਾਵੇ।

21. ਤੀਜਾ, ਪੰਜਵਾਂ ਸਮੈਸਟਰ ਦੇ ਵਿਦਿਆਰਥੀਆਂ ਦਾ ਰੈਗੂਲਰ ਦਾਖ਼ਲਾ ਯੂਨੀਵਰਸਿਟੀ ਦਾ ਨਤੀਜਾ ਘੋਸ਼ਿਤ ਹੋਣ ਤੋਂ 10 ਦਿਨਾਂ ਦੇ ਅੰਦਰ ਕਰਵਾਉਣਾ ਵਿਦਿਆਰਥੀ ਦੀ ਆਪਣੀ ਨਿੱਜੀ ਜ਼ਿੰਮੇਵਾਰੀ ਹੈ। ਦਾਖ਼ਲਾ ਨਾ ਕਰਵਾਉਣ ਦੀ ਸੂਰਤ ਵਿੱਚ ਵਿਦਿਆਰਥੀ ਆਪ ਜ਼ਿੰਮੇਵਾਰ ਹੋਵੇਗਾ।

22. ਯੂਨੀਵਰਸਿਟੀ ਦੇ ਪੱਤਰ ਨੰ. 5390-5553/ਕਾਲਜਾਂ, ਮਿਤੀ 08.06.2021 ਦੇ ਆਦੇਸ਼ਾਂ ਅਨੁਸਾਰ ਕੋਈ ਵੀ ਕਾਲਜ ਦੂਸਰੇ ਕਾਲਜ ਤੋਂ ਆਏ ਵਿਦਿਆਰਥੀਆਂ ਪਾਸੋਂ ਇੰਟਰ ਕਾਲਜ ਮਾਈਗਰੇਸ਼ਨ ਸਰਟੀਫਿਕੇਟ ਲਏ ਬਗੈਰ ਦਾਖਲ ਨਹੀ ਕਰੇਗਾ, ਜੇਕਰ ਕਾਲਜ ਅਜਿਹਾ ਕਰਦਾ ਹੈ ਤਾਂ ਯੂਨੀਵਰਸਿਟੀ ਵੱਲੋਂ ਉਸ ਵਿਦਿਆਰਥੀ ਦਾ ਦਾਖ਼ਲਾ ਰੱਦ ਕਰਦੇ ਹੋਏ, ਸਬੰਧਤ ਕਾਲਜ ਨੂੰ ਢੁਕਵਾਂ ਜੁਰਮਾਨਾ ਕੀਤਾ ਜਾਵੇਗਾ।

23. ਯੂ.ਜੀ.ਸੀ. ਵਲੋਂ ਐਲਾਨੀਆਂ ਗਈਆਂ ਹੇਠ ਲਿਖੀਆਂ ਬੋਗਸ ਯੂਨੀਵਰਸਿਟੀਆਂ ਵਿਚੋਂ ਬੀ.ਏ./ਬੀ.ਐਸਸੀ./ਬੀ.ਕਾਮ. ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

## State-wise list of Fake Universities as on May , 2024

| Sr No | State | University Name |
|---|---|---|
| 1 | Andhra Pradesh | Christ New Testament Deemed University, #32-32-2003, 7th Lane, Kakumanuvarithoto, Guntur, Andhra Pradesh-522002 and another address of Christ New Testament Deemed University, Fit No. 301, Grace Villa Apts., 7/5, Srinagar, Guntur, Andhra Pradesh-522002 |
| 2 | Andhra Pradesh | Bible Open University of India, H.No. 49-35-26, N.G.O's Colony, Visakhapatnam, Andhra Pradesh-530016 |
| 3 | Delhi | All India Institute of Public & Physical Health Sciences (AIIPHS) State Government University, Office Kh. No. 608-609, 1st Floor, Sant Kripal Singh Public Trust Building, Near BDO Office, Alipur, Delhi-110036 |
| 4 | Delhi | Commercial University Ltd., Daryaganj, Delhi. |
| 5 | Delhi | United Nations University, Delhi |
| 6 | Delhi | Vocational University, Delhi |
| 7 | Delhi | ADR-Centric Juridical University, ADR House, 8J, Gopala Tower, 25 Rajendra Place, New Delhi - 110 008 |
| 8 | Delhi | Indian Institute of Science and Engineering, New Delhi |
| 9 | Delhi | Viswakarma Open University for Self-Employment, Rozgar Sewasadan, 672, Sanjay Enclave, Opp. GTK Depot, Delhi-110033 |
| 10 | Delhi | Adhyatmik Vishwavidyalaya (Spiritual University), 351-352, Phase-I, Block-A, Vijay Vihar, Rithala, Rohini, Delhi-110085 |
| 11 | Karnataka | Badaganvi Sarkar World Open University Education Society, Gokak, Belgaum, Karnataka |
| 12 | Kerala | St. John's University, Kishanattam, Kerala |
| 13 | Kerala | International Islamic University of Prophetic Medicine (IIUPM), Kunnamangalam Kozhikode, Kerala-673571 |
| 14 | Maharashtra | Raja Arabic University, Nagpur, Maharashtra |
| 15 | Puducherry | Sree Bodhi Academy of Higher Education, No. 186, Thilaspet, Vazhuthavoor Road, Puducherry-605009 |
| 16 | Uttar Pradesh | Gandhi Hindi Vidyapith, Prayag, Allahabad, Uttar Pradesh |
| 17 | Uttar Pradesh | Netaji Subhash Chandra Bose University (Open University), Achaltal, Aligarh, Uttar Pradesh |
| 18 | Uttar Pradesh | Bhartiya Shiksha Parishad, Bharat Bhawan, MatiyariChinhat, Faizabad Road, Lucknow, Uttar Pradesh – 227 105 |
| 19 | Uttar Pradesh | Mahamaya Technical University, PO - Maharishi Nagar , Distt. Gb Nagar , Opp. Sec 110 , Sector 110 , Noida - 201304 |
| 20 | West Bengal | Indian Institute of Alternative Medicine, Kolkatta. |
| 21 | West Bengal | Institute of Alternative Medicine and Research,8-A, Diamond Harbour Road, Builtech Inn, 2nd Floor, Thakurpurkur, Kolkatta - 700063 |

## ਮਾਈਗਰੇਸ਼ਨ ਤੇ ਇਲਿਜੀਬਿਲਟੀ ਸਰਟੀਫਿਕੇਟ (ਪਾਤਰਤਾ ਸਰਟੀਫਿਕੇਟ)

ਜਿਹੜੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਪੰਜਾਬੀ/ਪੰਜਾਬ ਯੂਨੀਵਰਸਿਟੀ ਤੋਂ ਬਿਨਾਂ ਕਿਸੇ ਹੋਰ ਬੋਰਡ/ਯੂਨੀਵਰਸਿਟੀ ਤੋਂ ਹੇਠਲੀ ਪ੍ਰੀਖਿਆ ਪਾਸ ਕੀਤੀ ਹੈ ਉਹਨਾਂ ਲਈ ਦਾਖਲਾ ਲੈਣ ਸਮੇਂ ਇਸ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ (ਇਲਿਜੀਬਿਲਟੀ ਸਰਟੀਫਿਕੇਟ) ਲੈਣਾ ਜ਼ਰੂਰੀ ਹੈ। ਪਾਤਰਤਾ ਸਰਟੀਫਿਕੇਟ ਤੋਂ ਬਿਨਾਂ ਦਾਖ਼ਲਾ ਨਹੀਂ ਦਿੱਤਾ ਜਾਵੇਗਾ। ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ ਲੈਣ ਲਈ ਹੇਠ ਲਿਖੇ ਦਸਤਾਵੇਜ਼ ਜ਼ਰੂਰੀ ਹਨ-

1) ਹੇਠਲੀ ਪ੍ਰੀਖਿਆ ਦਾ ਅਸਲ ਸਰਟੀਫਿਕੇਟ ਅਤੇ ਵੇਰਵਾ ਕਾਰਡ।
2) ਸੰਬੰਧਤ ਯੂਨੀਵਰਸਿਟੀ/ਬੋਰਡ ਵਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ (ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਪਾਤਰਤਾ ਸਰਟੀਫਿਕੇਟ ਲਈ ਬਿਨੈ ਪੱਤਰ ਭੇਜਿਆ ਜਾ ਸਕਦਾ ਹੈ।
3) ਯੋਗ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਕੈਟਾਗਰੀ ਸਰਟੀਫਿਕੇਟ (ਜਿਵੇਂ ਐਸ.ਸੀ./ਬੀ.ਸੀ.) ਅਤੇ ਪੰਜਾਬ ਡੋਮੀਸਾਈਲ ਸਰਟੀਫਿਕੇਟ।
4) ਜਿਨ੍ਹਾਂ ਵਿਦਿਆਥੀਆਂ ਨੇ ਹੇਠਲੀ ਪ੍ਰੀਖਿਆ ਪੰਜਾਬੀ/ਪੰਜਾਬ ਯੂਨੀਵਰਸਿਟੀ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਵੇ, ਉਹਨਾਂ ਨੂੰ ਪਾਤਰਤਾ ਸਰਟੀਫਿਕੇਟ ਤੋਂ ਛੋਟ ਹੋਵੇਗੀ।
5) ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲਾ ਤਾਂ ਹੀ ਦਿੱਤਾ ਜਾਵੇਗਾ ਜੇਕਰ ਉਨ੍ਹਾਂ ਕੋਲ ਸਟੂਡੈਂਟਸ ਵੀਜ਼ਾ ਹੋਵੇਗਾ, ਇਸ ਤੋਂ ਇਲਾਵਾ ਕਿਸੇ ਤਰ੍ਹਾਂ ਦਾ ਵੀਜ਼ਾ ਰੱਖਣ ਵਾਲੇ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ। ਉਸ ਵੱਲੋਂ ਪਾਸ ਕੀਤੀ ਪ੍ਰੀਖਿਆ ਦੀ ਰੈਕੋਗਨੀਸ਼ਨ ਸੰਬੰਧੀ ਪੱਤਰ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼, ਕੋਟਲਾ ਨਗਰ, ਨਵੀਂ ਦਿੱਲੀ ਤੋਂ ਲਿਆ ਕੇ ਦੇਣਾ ਪਵੇਗਾ। ਇਹ ਅਸਲ ਪੱਤਰ, ਪਾਤਰਤਾ ਲੈਣ ਸਮੇਂ ਇਸ ਯੂਨੀਵਰਸਿਟੀ ਨੂੰ ਜ਼ਰੂਰ ਭੇਜਿਆ ਜਾਵੇ।
6) ਜਿਹਨਾਂ ਵਿਦਿਆਰਥੀਆਂ ਨੇ ਨੈਸ਼ਨਲ ਓਪਨ ਸਕੂਲ, ਨਵੀਂ ਦਿੱਲੀ ਤੋਂ ਸੀਨੀਅਰ ਸਕੂਲ ਸਰਟੀਫਿਕੇਟ (+2) ਪ੍ਰੀਖਿਆ ਚਾਰ ਵਿਸ਼ਿਆਂ (ਸਮੇਤ ਅੰਗਰੇਜ਼ੀ) ਨਾਲ ਮੈਟ੍ਰਿਕ ਪ੍ਰੀਖਿਆ ਪਾਸ ਕਰਨ ਤੋਂ ਘੱਟੋ-ਘੱਟ ਦੋ ਸਾਲ ਬਾਅਦ ਪਾਸ ਕੀਤੀ ਹੋਵੇ, ਨੂੰ ਕੇਵਲ ਬੀ.ਏ./ਬੀ.ਕਾਮ (ਪਾਸ ਕੋਰਸ) ਵਿੱਚ ਆਰਜ਼ੀ ਦਾਖ਼ਲਾ ਦਿੱਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀਆਂ ਨੂੰ ਪੰਜਵਾਂ ਘੱਟਦਾ ਵਿਸ਼ਾ ਉਸੇ ਗਰੁੱਪ ਅਧੀਨ ਓਪਨ ਸਕੂਲ, ਨਵੀਂ ਦਿੱਲੀ ਤੋਂ ਆਉਂਦੀ ਸਪਲੀਮੈਂਟਰੀ ਜਾਂ ਸਾਲਾਨਾ ਪ੍ਰੀਖਿਆ ਨਾਲ ਪਾਸ ਕਰਨਾ ਪਵੇਗਾ, ਨਹੀਂ ਤਾਂ ਆਰਜ਼ੀ ਦਾਖ਼ਲਾ ਕੈਂਸਲ ਸਮਝਿਆ ਜਾਵੇਗਾ।
7) ਲੇਟ ਦਾਖ਼ਲ ਕੀਤੇ ਵਿਦਿਆਰਥੀਆਂ ਦੇ +2 ਦਾ ਤੇ ਹੋਰ ਸਰਟੀਫਿਕੇਟ ਰਜਿਸਟ੍ਰੇਸ਼ਨ ਲਈ ਦਾਖ਼ਲੇ ਸਮੇਂ ਅਸਲ ਦੇਣੇ ਪੈਣਗੇ, ਨਹੀਂ ਤਾਂ ਪੀਨਲ ਫੀਸ 500/- ਰੁਪਏ ਵਸੂਲ ਕੀਤੀ ਜਾਵੇਗੀ।
8) ਐਮ.ਏ./ਐਮ.ਕਾਮ. ਭਾਗ-ਪਹਿਲਾ ਵਿੱਚ ਜਿਹੜੇ ਵਿਦਿਆਰਥੀ ਦਾਖ਼ਲਾ ਲੈਣਗੇ, ਜੇਕਰ ਉਨ੍ਹਾਂ ਦੇ ਬੀ.ਏ./ਬੀ.ਐਸਸੀ./ਬੀ.ਕਾਮ. ਦੀ ਪ੍ਰੀਖਿਆ ਵਿੱਚ 50% ਅੰਕ ਹਨ ਤਾਂ ਉਹਨਾਂ ਨੂੰ ਦਾਖ਼ਲੇ ਦੇ ਸਮੇਂ ਬੀ.ਏ./ਬੀ.ਕਾਮ. ਭਾਗ-ਪਹਿਲਾ, ਦੂਜਾ ਅਤੇ ਤੀਜਾ ਦੇ ਅਸਲ ਡੀ.ਐਮ.ਸੀ. ਦਾਖ਼ਲੇ ਦੇ ਸਮੇਂ ਜਮ੍ਹਾਂ ਕਰਵਾਉਣੇ ਪੈਣਗੇ ਕਿਉਂਕਿ ਇਹ ਹੁਕਮ ਯੂਨੀਵਰਸਿਟੀ ਦੇ ਹੁਕਮਾਂ ਅਨੁਸਾਰ ਹਨ।
9) ਸਾਰੇ ਵਿਦਿਆਰਥੀਆਂ ਨੂੰ ਆਰਜ਼ੀ ਤੌਰ ਤੇ ਦਾਖ਼ਲਾ ਦਿੱਤਾ ਜਾਂਦਾ ਹੈ। ਜੇਕਰ ਕਿਸੇ ਕਾਰਨ ਯੂਨੀਵਰਸਿਟੀ ਰਜਿਸਟਰੇਸ਼ਨ ਨੰਬਰ ਰੋਕ ਲੈਂਦੀ ਹੈ ਜਾਂ ਕਿਸੇ ਸਮੇਂ ਪ੍ਰੀਖਿਆ ਦਾ ਨਤੀਜਾ ਰੋਕ ਦਿੰਦੀ ਹੈ ਤਾਂ ਸਾਰੀ ਜ਼ਿੰਮੇਵਾਰੀ ਵਿਦਿਆਰਥੀਆਂ ਦੀ ਆਪਣੀ ਨਿੱਜੀ ਹੋਵੇਗੀ। ਇਸ ਸੰਬੰਧ ਵਿੱਚ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

# ਫੀਸਾਂ ਵਿੱਚ ਰਿਆਇਤਾਂ

1) ਲਾਇਕ, ਲੋੜਵੰਦ ਅਤੇ ਅਪੰਗ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਫੀਸ ਵਿੱਚ ਰਿਆਇਤ ਅਤੇ ਮਾਲੀ ਮਦਦ ਦਿੱਤੀ ਜਾਂਦੀ ਹੈ।
2) ਨਿਯਮਾਂ ਅਨੁਸਾਰ ਸਕੇ ਭੈਣ-ਭਰਾਵਾਂ ਵਿਚੋਂ ਇਕ ਦੀ ਪੀ.ਟੀ.ਏ. ਫੀਸ ਮਾਫ਼ ਹੋਵੇਗੀ। ਇਹ ਰਿਆਇਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਯੋਗ ਵਿਦਿਆਰਥੀਆਂ ਤੇ ਲਾਗੂ ਨਹੀਂ ਹੋਵੇਗੀ।
3) ਅਨੁਸੂਚਿਤ ਜਾਤੀ ਦੇ ਵਿਦਿਆਰਥੀ ਜਿਹਨਾਂ ਦੇ ਮਾਪਿਆਂ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ, ਦਰਜਾ-1 ਮਜਿਸਟਰੇਟ ਦਾ ਤਸਦੀਕਸ਼ੁਦਾ ਆਮਦਨ ਬਾਰੇ ਸਰਟੀਫਿਕੇਟ ਦੇਣ ਤੇ ਉਨ੍ਹਾਂ ਤੋਂ ਫ਼ੀਸ ਦੀ ਰਿਆਇਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦਿੱਤੀ ਜਾਂਦੀ ਹੈ।
4) ਇਸ ਤੋਂ ਇਲਾਵਾ ਕਾਲਜ ਆਪਣੇ ਪੱਧਰ ਤੇ ਰੈੱਡ ਕਰਾਸ ਰਾਹੀ ਫੰਡ ਉਪਲੱਬਧ ਹੋਣ ਤੇ, ਗਰੀਬ ਵਿਦਿਆਰਥੀਆਂ ਦੀ ਆਰਥਿਕ ਮਦਦ ਕਰਦਾ ਹੈ।

# ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀ

1) ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਦਾਖ਼ਲਾ ਲੈਣ ਸਮੇਂ ਫੀਸ ਮੁਆਫ਼ੀ ਲਈ ਲੋੜੀਂਦੇ ਦਸਤਾਵੇਜ਼ ਮੁਕੰਮਲ ਰੂਪ ਵਿੱਚ ਸਮਰੱਥ ਅਧਿਕਾਰੀ ਤੋਂ ਤਸਦੀਕ ਕਰਵਾਉਣ ਉਪਰੰਤ ਜਮ੍ਹਾਂ ਕਰਵਾਉਣੇ ਹੋਣਗੇ। ਫ਼ੀਸ ਵਿੱਚ ਰਿਆਇਤ ਪੰਜਾਬ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ ਦਿੱਤੀ ਜਾਵੇਗੀ।
2) ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਕੋਲੋਂ, ਜੋ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਜਿਹਨਾਂ ਦੇ ਮਾਪਿਆਂ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ, ਕੋਲੋਂ ਦਾਖ਼ਲਾ ਫੀਸ ਨਹੀਂ ਲਈ ਜਾਵੇਗੀ।
3) ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀ ਆਪਣੀ ਜਾਤੀ ਅਤੇ ਪਰਿਵਾਰ ਦੀ ਸਲਾਨਾ ਆਮਦਨ [(ੳ) ਪਿਤਾ ਵੱਲੋਂ (ਅ) ਪਿਤਾ ਦੇ ਨਾ ਹੋਣ ਦੀ ਸੂਰਤ ਵਿੱਚ ਮਾਤਾ ਵੱਲੋਂ] ਇਸ ਸਾਲ ਦਾ ਸਰਟੀਫਿਕੇਟ ਦਾਖ਼ਲਾ ਫਾਰਮ ਨਾਲ ਪੇਸ਼ ਕਰਨਗੇ ਤਾਂ ਹੀ ਉਨਾਂ ਕੋਲੋਂ ਫ਼ੀਸ ਨਹੀਂ ਲਈ ਜਾਵੇਗੀ।

# ਵਜ਼ੀਫੇ

ਕਾਲਜ ਵਿੱਚ ਹੇਠ ਲਿਖੇ ਵਜ਼ੀਫੇ ਦਿੱਤੇ ਜਾਂਦੇ ਹਨ-

1) ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਅਤੇ ਘੱਟ ਗਿਣਤੀ ਵਿਦਿਆਰਥੀ।
2) ਅਨੁਸੂਚਿਤ ਜਾਤੀਆਂ ਲਈ।
3) ਹਰੀਜਨ ਵੈਲਫੇਅਰ ਸਕੀਮ।
4) ਕਬੀਲਾ ਜਾਤੀਆਂ ਲਈ ਵਜ਼ੀਫਾ ਸਕੀਮ।
5) ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਲੜਕੀਆਂ ਨੂੰ ਵਿਸ਼ੇਸ਼ ਗ੍ਰਾਂਟ (ਪੰਜਾਬ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ)।
6) ਰਾਜਨੀਤਿਕ ਪੀੜਤਾਂ ਦਾ ਵਜ਼ੀਫਾ।
7) ਜ਼ਿਲ੍ਹਾ ਸੈਨਿਕ ਬੋਰਡ ਵੱਲੋਂ ਵਜ਼ੀਫਾ।
8) ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ।
9) ਪੰਜਾਬ ਰਾਜ ਯੋਗਤਾ ਵਜ਼ੀਫਾ ਸਕੀਮ।
10) ਰਾਸ਼ਟਰੀ ਵਜ਼ੀਫਾ ਸਕੀਮ।
11) ਨਾਨ-ਹਿੰਦੀ ਸਪੀਕਿੰਗ ਸਟੇਟ ਦੇ ਵਿਦਿਆਰਥੀਆਂ ਲਈ ਹਿੰਦੀ ਪੜ੍ਹਾਈ ਲਈ ਵਜ਼ੀਫਾ।
12) ਐਨ.ਸੀ.ਸੀ. ਸੰਬੰਧੀ ਵਜ਼ੀਫੇ।
13) ਬੀ.ਸੀ. ਵਿਦਿਆਰਥੀਆਂ ਨੂੰ ਵਜ਼ੀਫੇ ਅਤੇ ਰਿਆਇਤਾ (ਪੰਜਾਬ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ)

ਨੋਟ-

1) ਉਪਰੋਕਤ ਸਾਰੇ ਵਜ਼ੀਫਿਆਂ ਸੰਬੰਧੀ ਹਦਾਇਤਾਂ ਅਤੇ ਸਰਕਾਰੀ ਸ਼ਰਤਾਂ ਵਜ਼ੀਫੇ ਦੇ ਫਾਰਮ ਭਰਵਾਉਣ ਸਮੇਂ ਦੱਸੀਆਂ ਜਾਣਗੀਆਂ ਅਤੇ ਦਸਤਾਵੇਜ਼ ਮੁਕੰਮਲ ਹੋਣ ਉਪਰੰਤ, ਸਰਕਾਰੀ ਨਿਯਮਾਂ ਅਨੁਸਾਰ ਇਹ ਵਜ਼ੀਫੇ ਦਿੱਤੇ ਜਾਣਗੇ।
2) ਪੰਜਾਬ ਸਰਕਾਰ ਅਤੇ ਭਲਾਈ ਵਿਭਾਗ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ ਅਨੁਸੂਚਿਤ/ਪਛੜੀ/ਘੱਟ ਗਿਣਤੀ ਜਾਤੀ ਦੇ ਅਧਾਰ ਤੇ ਮਿਲਣ ਯੋਗ ਪੋਸਟ ਮੈਟ੍ਰਿਕ ਸਕਾਲਰਸ਼ਿਪ ਪ੍ਰਾਪਤ ਕਰਨ ਲਈ ਵਿਦਿਆਰਥੀ ਦਾ ਅਧਾਰ ਕਾਰਡ ਬਣਿਆ ਹੋਣਾ ਚਾਹੀਦਾ ਹੈ। ਇਸ ਲਈ ਦਾਖ਼ਲੇ ਸਮੇਂ ਹੇਠ ਲਿਖੇ ਦਸਤਾਵੇਜ਼ ਦੀ ਫੋਟੋ ਕਾਪੀ ਦਾਖ਼ਲਾ ਫ਼ਾਰਮ ਨਾਲ ਲਗਾਉਣੀ ਜ਼ਰੂਰੀ ਹੈ। ਇਸ ਤੋਂ ਬਿਨਾਂ ਕਾਲਜ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

(ੳ) ਆਪਣੇ ਬੈਂਕ ਖਾਤੇ ਦਾ ਨੰਬਰ (ਅਧਾਰ ਕਾਰਡ ਨਾਲ ਲਿੰਕ ਕੀਤਾ ਹੋਇਆ)
(ਅ) ਆਪਣੇ ਬੈਂਕ ਅਤੇ ਸ਼ਾਖਾ ਦਾ ਨਾਮ
(ੲ) ਆਪਣੇ ਬੈਂਕ ਅਤੇ ਸ਼ਾਖਾ ਦਾ ਨਾਮ
(ਸ) ਆਪਣਾ ਅਤੇ ਆਪਣੇ ਮਾਤਾ-ਪਿਤਾ ਦਾ ਅਧਾਰ ਕਾਰਡ ਨੰਬਰ
(ਹ) **ਰਿਹਾਇਸ਼ ਸਬੂਤ ਦਾ ਸਰਟੀਫਿਕੇਟ** (ਯੋਗ ਅਧਿਕਾਰੀ ਵਲੋਂ ਜਾਰੀ ਸਰਟੀਫਿਕੇਟ)

3) ਵਿਦਿਆਰਥੀ ਦੀ **ਈ-ਮੇਲ ਆਈ.ਡੀ.** ਆਪਣੇ ਨਾਮ ਦੀ ਹੋਣੀ ਜ਼ਰੂਰੀ ਹੈ।
4) ਕਿਸੇ ਵੀ ਜਾਤੀ ਨਾਲ ਸੰਬੰਧਤ ਲਾਭ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾ ਆਪਣੇ ਨਾਂ ਦਾ ਜਾਤੀ ਸਰਟੀਫਿਕੇਟ ਹੋਣਾ ਜ਼ਰੂਰੀ ਹੈ। ਇਹ ਕੇਵਲ ਪਹਿਲੇ ਸਾਲ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਹੈ।
5) **ਆਮਦਨ ਦਾ ਨਵਾਂ ਸਰਟੀਫਿਕੇਟ** (ਕੇਵਲ ਪਹਿਲੇ ਸਾਲ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ)
6) ਯੂਨੀਵਰਸਿਟੀ **Student ID**
7) **ABC ID**

## ਵਿਸ਼ੇ ਬਦਲਣ ਸੰਬੰਧੀ ਨਿਯਮ

1) ਵਿਸ਼ਾ ਬਦਲਣ ਦੇ ਚਾਹਵਾਨ ਵਿਦਿਆਰਥੀ ਦੀ ਅਰਜ਼ੀ ਨੂੰ ਉਸ ਵਿਸ਼ੇ ਵਿੱਚ ਸੀਟ ਉਪਲਬਧ ਹੋਣ ਤੇ ਹੀ ਵਿਚਾਰਿਆ ਜਾਵੇਗਾ।
2) ਵਿਦਿਆਰਥੀ ਆਪਣੇ ਵਿਸ਼ੇ ਬਦਲਣ ਲਈ ਨਿਰਧਾਰਤ ਫਾਰਮ ਤੇ ਆਰਜ਼ੀ ਕਲਾਸਾਂ ਲੱਗਣ ਦੀ ਮਿਤੀ ਤੋਂ 10 ਦਿਨ ਦੇ ਅੰਦਰ-ਅੰਦਰ ਦੇ ਸਕਦੇ ਹਨ। ਇਸ ਤੋਂ ਬਾਅਦ ਕੋਈ ਵੀ ਵਿਸ਼ਾ ਨਹੀਂ ਬਦਲਿਆ ਜਾਵੇਗਾ।
3) ਛੱਡੇ ਗਏ ਵਿਸ਼ੇ ਦੇ ਲੈਕਚਰਾਂ ਦਾ ਲਾਭ ਨਵੇਂ ਵਿਸ਼ੇ ਵਿੱਚ ਨਹੀਂ ਦਿੱਤਾ ਜਾਵੇਗਾ।
4) ਵਿਦਿਆਰਥੀ ਪ੍ਰਾਸਪੈਕਟਸ ਵਿੱਚ ਪ੍ਰਕਾਸ਼ਿਤ ਫਾਰਮ ਨੂੰ ਮੁਕੰਮਲ ਰੂਪ ਵਿੱਚ ਭਰ ਕੇ ਸੰਬੰਧਤ ਇੰਚਾਰਜ ਨੂੰ ਦੇਣਗੇ। ਪ੍ਰਿੰਸੀਪਲ ਦੀ ਆਗਿਆ ਨਾਲ ਵਿਸ਼ਾ ਬਦਲਣ ਦਾ ਨੋਟਿਸ ਲਗਾ ਦਿੱਤਾ ਜਾਵੇਗਾ।
5) ਇਹ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੈ ਕਿ ਉਹ ਵਿਸ਼ਾ ਬਦਲਣ ਦੇ ਨੋਟਿਸ ਲੱਗਣ ਉਪਰੰਤ ਆਪਣਾ ਨਾਮ ਪਹਿਲੇ ਵਿਸ਼ੇ ਵਿੱਚੋਂ ਕਟਵਾ ਕੇ, ਨਵੇਂ ਵਿਸ਼ੇ ਨਾਲ ਸੰਬੰਧਤ ਪ੍ਰੋਫੈਸਰ ਸਾਹਿਬ ਕੋਲ ਦਰਜ ਕਰਵਾਏ।
6) ਦਾਖ਼ਲ ਹੋਣ ਤੋਂ ਬਾਅਦ ਫੈਕਲਟੀ ਬਦਲਣ ਦੀ ਆਗਿਆ ਬਿਲਕੁਲ ਨਹੀਂ ਹੋਵੇਗੀ।

## ਪ੍ਰੀਖਿਆ ਸੰਬੰਧੀ ਹਦਾਇਤਾਂ

### (ੳ) ਘਰੇਲੂ ਪ੍ਰੀਖਿਆ

1) ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਪ੍ਰਤੀ ਸਮੈਸਟਰ ਇੱਕ ਘਰੇਲੂ ਪ੍ਰੀਖਿਆ ਕਰਵਾਈ ਜਾਵੇਗੀ।
2) ਹਰ ਵਿਦਿਆਰਥੀ ਲਈ ਇਕ ਘਰੇਲੂ ਪ੍ਰੀਖਿਆ ਵਿੱਚ ਬੈਠਣਾ ਲਾਜ਼ਮੀ ਹੈ।
3) ਘਰੇਲੂ ਪ੍ਰੀਖਿਆਵਾਂ ਦੇ ਪੇਪਰਾਂ ਦੇ ਮੁਲਾਂਕਣ ਅਤੇ ਪ੍ਰਾਪਤ ਅੰਕਾਂ ਦਾ ਵੇਰਵਾ ਸੰਬੰਧਿਤ ਪ੍ਰੋਫੈਸਰ ਸਾਹਿਬਾਨਾਂ ਤੋਂ ਪ੍ਰਾਪਤ ਕਰਨਾ ਵਿਦਿਆਰਥੀ ਦੀ ਆਪਣੀ ਨਿੱਜੀ ਜ਼ਿੰਮੇਵਾਰੀ ਹੈ। ਇਸ ਉਪਰੰਤ ਉੱਤਰ ਪੱਤਰੀ ਦਾ ਮੁੜ ਮੁਲਾਂਕਣ ਨਹੀਂ ਕੀਤਾ ਜਾਵੇਗਾ।
4) ਬਿਮਾਰੀ ਜਾਂ ਅਚਨਚੇਤ ਕਾਰਨਾਂ ਕਰਕੇ ਘਰੇਲੂ ਪ੍ਰੀਖਿਆ ਵਿੱਚ ਨਾ ਬੈਠ ਸਕਣ ਸਬੰਧੀ ਛੋਟ ਲਈ ਪ੍ਰਿੰਸੀਪਲ ਦੇ ਅਖ਼ਤਿਆਰੀ ਅਧਿਕਾਰਾਂ ਅਧੀਨ ਕਰਵਾਈ ਜਾਣ ਵਾਲੀ ਵਿਸ਼ੇਸ਼ ਪ੍ਰੀਖਿਆ ਵਿੱਚ ਬੈਠਣ ਦਾ ਹੱਕ ਨਹੀਂ ਹੋਵੇਗਾ।
5) ਇਸ ਪੂਰਵ-ਪ੍ਰਵਾਨਗੀ ਤੋਂ ਬਗੈਰ ਘਰੇਲੂ ਪ੍ਰੀਖਿਆ ਵਿਚੋਂ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ ਪ੍ਰਿੰਸੀਪਲ ਜੀ ਦੀ ਅਗਾਊਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ।
6) ਇਮਤਿਹਾਨਾਂ ਸਮੇਂ ਦਿਵਿਆਂਗ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਵਾਧੂ ਸਮਾਂ, ਦੂਜੀ/ਤੀਜੀ ਭਾਸ਼ਾ ਵਿੱਚ ਛੋਟ ਅਤੇ ਮੁਫ਼ਤ ਲਿਖਾਰੀ ਦੀ ਸਹੂਲਤ ਹੋਵੇਗੀ।
7) ਉਪਰੋਕਤ ਪ੍ਰੀਖਿਆ ਵਿਚੋਂ ਗੈਰ-ਹਾਜ਼ਰ ਰਹਿਣ ਵਾਲੇ/ਨਿਸ਼ਚਿਤ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਾਸਤੇ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ।

### (ਅ) ਯੂਨੀਵਰਸਿਟੀ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਸੰਬੰਧੀ ਨਿਯਮ

**(I) ਕਲਾਸਾਂ ਵਿੱਚ ਹਾਜ਼ਰੀ**

1) ਹਰ ਵਿਦਿਆਰਥੀ ਲਈ ਹਰ ਵਿਸ਼ੇ/ਪੇਪਰ (ਲਿਖਤੀ ਤੇ ਪ੍ਰੈਕਟੀਕਲ ਵਿੱਚ ਵੱਖ-ਵੱਖ) ਵਿੱਚ ਘੱਟ ਤੋਂ ਘੱਟ 75 ਪ੍ਰਤੀਸ਼ਤ ਹਾਜ਼ਰੀਆਂ ਦੀ ਸ਼ਰਤ ਲਾਜ਼ਮੀ ਹੈ।
2) ਜੇ ਕੋਈ ਵਿਦਿਆਰਥੀ ਨਤੀਜਾ ਲੇਟ ਨਿਕਲਣ ਕਰਕੇ ਕਾਲਜ ਵਿੱਚ ਲੇਟ ਦਾਖ਼ਲ ਹੁੰਦਾ ਹੈ ਤਾਂ ਉਸ ਦੀਆਂ ਹਾਜ਼ਰੀਆਂ ਦੀ ਗਿਣਤੀ ਕਾਲਜ ਵਿੱਚ ਉਸਦੇ ਦਾਖ਼ਲੇ ਦੀ ਮਿਤੀ ਤੋਂ ਕੀਤੀ ਜਾਵੇਗੀ।
3) ਕਿਸੇ ਵੀ ਕਿਸਮ ਦੀ ਕੋਈ ਛੁੱਟੀ (ਸਮੇਤ ਬੀਮਾਰੀ ਦੀ ਛੁੱਟੀ ਦੇ) ਲੈਕਚਰਾਂ ਦੀ ਘਾਟ ਨੂੰ ਪੂਰਾ ਕਰਨ ਵਿੱਚ ਸਹਾਈ ਨਹੀਂ ਹੋਵੇਗੀ।
4) ਸਰਕਾਰੀ ਹਦਾਇਤਾਂ ਅਨੁਸਾਰ ਕਲਾਸ ਵਿੱਚ ਲਗਾਤਾਰ 10 ਦਿਨ ਗੈਰ-ਹਾਜ਼ਰ ਰਹਿਣ ਤੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ।

**(II) ਸਮੂਹ ਵਿਦਿਆਰਥੀਆਂ ਲਈ ਹੋਰ ਹਦਾਇਤਾਂ ਅਤੇ ਨਿਯਮ**

1) ਸਾਰੇ ਦਾਖ਼ਲਾ ਫਾਰਮ ਯੂਨੀਵਰਸਿਟੀ ਨੂੰ ਆਰਜ਼ੀ ਤੌਰ ਤੇ ਭੇਜੇ ਜਾਂਦੇ ਹਨ।
2) ਸਿਰਫ਼ ਦਾਖ਼ਲਾ ਫਾਰਮ ਭੇਜੇ ਜਾਣ ਨਾਲ ਕੋਈ ਵਿਦਿਆਰਥੀ ਯੂਨੀਵਰਸਿਟੀ ਦੀ ਪ੍ਰੀਖਿਆ ਦੇਣ ਦਾ ਹੱਕਦਾਰ ਨਹੀਂ ਹੋ ਜਾਂਦਾ।
3) ਯੂਨੀਵਰਸਿਟੀ ਵੱਲੋਂ ਰੋਲ ਨੰਬਰ ਕਾਲਜ ਨੂੰ ਆਰਜ਼ੀ ਆਧਾਰ ਤੇ ਭੇਜੇ ਜਾਂਦੇ ਹਨ ਅਤੇ ਨਿਸਚਿਤ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਂਦੇ।
4) ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਲਈ ਹਾਜ਼ਰੀਆਂ ਅਤੇ ਘਰੇਲੂ ਪ੍ਰੀਖਿਆਵਾਂ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ।
5) ਦਾਖ਼ਲਾ ਰੋਕੇ ਜਾਣ ਤੇ ਯੂਨੀਵਰਸਿਟੀ ਨਿਯਮਾਂ ਬਾਰੇ ਅਗਿਆਨਤਾ ਦਾ ਬਹਾਨਾ ਨਹੀਂ ਮੰਨਿਆ ਜਾਵੇਗਾ। ਇਹ ਸੋਧੇ ਹੋਏ ਨਿਯਮ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਮਿਤੀ ਤੋਂ ਲਾਗੂ ਮੰਨੇ ਜਾਣਗੇ।

# ਕਾਲਜ ਹਦਾਇਤਾਂ ਅਤੇ ਨਿਯਮ

1) ਦਾਖ਼ਲਾ ਫਾਰਮ ਭਰਨ ਤੋਂ ਪਹਿਲਾਂ ਵਿਦਿਆਰਥੀ ਅਤੇ ਮਾਪਿਆਂ ਲਈ ਪ੍ਰਾਸਪੈਕਟਸ ਚੰਗੀ ਤਰ੍ਹਾਂ ਪੜ੍ਹ ਲੈਣਾ ਜ਼ਰੂਰੀ ਹੈ।

2) ਦਾਖ਼ਲੇ ਸਮੇਂ ਵਿਦਿਆਰਥੀ ਦਾ ਵਿਅਕਤੀਗਤ ਰੂਪ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੈ।

3) ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚੇ ਕੋਲੋਂ ਯੋਗਤਾ ਦੀਆਂ ਸ਼ਰਤਾਂ, ਲੈਕਚਰਾਂ ਦੀ ਘਾਟ, ਘਰੇਲੂ ਪ੍ਰੀਖਿਆਵਾਂ ਦੇ ਨਤੀਜੇ ਅਤੇ ਹੋਰ ਲੋੜੀਂਦੀਆਂ ਜਾਣਕਾਰੀਆਂ ਲਗਾਤਾਰ ਪਤਾ ਕਰਦੇ ਰਹਿਣ।

4) ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਵਿਦਿਆਰਥੀ ਨੂੰ ਯੂਨੀਵਰਸਿਟੀ ਵੱਲੋਂ ਨਿਰਧਾਰਤ ਸਾਰੀਆਂ ਸ਼ਰਤਾਂ ਦੀ ਪੂਰਤੀ ਕਰਨੀ ਲਾਜ਼ਮੀ ਹੋਵੇਗੀ। ਇਹ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

5) ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜਿਸ ਵਿਦਿਆਰਥੀ ਦੀ ਪਹਿਲੇ ਸਮੈਸਟਰ ਦੇ ਕਿਸੇ ਵੀ ਵਿਸ਼ੇ ਵਿੱਚੋਂ ਰੀ-ਅਪੀਅਰ ਹੈ, ਉਹ ਵਿਦਿਆਰਥੀ ਛੇਵੇਂ ਸਮੈਸਟਰ ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਯੋਗ ਨਹੀਂ ਹੈ।

6) ਹਰ ਵਿਦਿਆਰਥੀ ਲਈ ਘਰੇਲੂ ਪ੍ਰੀਖਿਆ ਵਿੱਚ ਬੈਠਣਾ ਲਾਜ਼ਮੀ ਹੈ। ਜਿਹੜੇ ਵਿਦਿਆਰਥੀ ਸੱਭਿਆਚਾਰਕ ਗਤੀਵਿਧੀਆਂ, ਖੇਡਾਂ, ਬਿਮਾਰੀ ਜਾਂ ਕਿਸੇ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਪ੍ਰੀਖਿਆ ਵਿੱਚ ਨਹੀਂ ਬੈਠ ਸਕਦੇ, ਉਹਨਾਂ ਨੂੰ ਪ੍ਰਿੰਸੀਪਲ ਦੀ ਪੂਰਵ ਪ੍ਰਵਾਨਗੀ ਲੈਣ ਉਪਰੰਤ ਰਜਿਸਟਰਾਰ (ਘਰੇਲੂ ਪ੍ਰੀਖਿਆ) ਤੋਂ ਨਿਯਤ ਮਿਤੀ ਲੈ ਕੇ ਘਰੇਲੂ ਵਿਸ਼ੇਸ਼ ਪ੍ਰੀਖਿਆ ਨਾ ਦੇਣ ਦੀ ਸੂਰਤ ਵਿੱਚ ਯੂਨੀਵਰਸਿਟੀ ਪ੍ਰੀਖਿਆ ਦਾ ਰੋਲ ਨੰਬਰ ਨਹੀਂ ਦਿੱਤਾ ਜਾਵੇਗਾ।

7) ਕਾਲਜ ਅਨੁਸ਼ਾਸਨ ਭੰਗ ਕਰਨ ਵਾਲੇ ਕਿਸੇ ਵੀ ਵਿਦਿਆਰਥੀ ਦੇ ਖਿਲਾਫ਼ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਢੁਕਵਾਂ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।

8) ਕਾਲਜ ਸੰਪਤੀ ਅਤੇ ਕਾਲਜ ਕੈਂਪਸ ਦੀ ਸਾਂਭ ਸੰਭਾਲ ਹਰ ਵਿਦਿਆਰਥੀ ਦਾ ਬੁਨਿਆਦੀ ਫਰਜ਼ ਹੈ। ਕਾਲਜ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਣ ਵਾਲੇ ਵਿਦਿਆਰਥੀ ਨੂੰ ਨੁਕਸਾਨ ਕੀਤੀ ਜਾਣ ਵਾਲੀ ਚੀਜ਼ ਦੇ ਮੁੱਲ ਦਾ 5 ਗੁਣਾ ਜੁਰਮਾਨਾ ਕੀਤਾ ਜਾਵੇਗਾ ਅਤੇ ਉਸਨੂੰ ਤੁਰੰਤ ਕਾਲਜ ਵਿੱਚੋਂ ਸਸਪੈਂਡ ਕਰ ਦਿੱਤਾ ਜਾਵੇਗਾ।

9) ਵਿਦਿਆਰਥੀ ਨੂੰ ਆਪਣੀ ਫ਼ੀਸ ਦੀ ਰਸੀਦ ਸੰਭਾਲ ਕੇ ਰੱਖਣੀ ਹੋਵੇਗੀ। ਰਸੀਦ ਗੁੰਮ ਹੋਣ ਤੇ ਉਸਦਾ ਸ਼ਨਾਖਤੀ ਕਾਰਡ ਨਹੀਂ ਬਣਾਇਆ ਜਾਵੇਗਾ ਅਤੇ ਨਾ ਹੀ ਡੁਪਲੀਕੇਟ ਰਸੀਦ ਦਿੱਤੀ ਜਾਵੇਗੀ।

10) ਸੈਸ਼ਨ ਖ਼ਤਮ ਹੋਣ ਤੋਂ ਪਹਿਲਾਂ ਜੇਕਰ ਵਿਦਿਆਰਥੀ ਆਪਣੀ ਪੜ੍ਹਾਈ ਛੱਡ ਦਿੰਦਾ ਹੈ ਤਾਂ ਉਸਨੂੰ ਕਾਲਜ ਰੋਲ ਤੋਂ ਆਪਣਾ ਨਾਮ ਕਟਵਾਉਣਾ ਜ਼ਰੂਰੀ ਹੈ।

11) ਰੈਗਿੰਗ ਸਖ਼ਤ ਮਨ੍ਹਾਂ ਹੈ। ਰੈਗਿੰਗ ਸੰਬੰਧੀ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਹਨਾਂ ਵਿਦਿਆਰਥੀਆਂ ਨੂੰ ਕਾਲਜ ਵਿਚੋਂ ਨਿਲੰਬਿਤ ਵੀ ਕੀਤਾ ਜਾ ਸਕਦਾ ਹੈ।

12) ਕਾਲਜ ਵਿੱਚ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਦੀ ਸਖ਼ਤ ਮਨਾਹੀ ਹੈ। ਅਜਿਹਾ ਕਰਦੇ ਪਕੜੇ ਜਾਣ ਦੀ ਸੂਰਤ ਵਿੱਚ ਉਸ ਵਿਦਿਆਰਥੀ ਖ਼ਿਲਾਫ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਉਸਨੂੰ ਕਾਲਜ ਵਿਚੋਂ ਤੁਰੰਤ ਕੱਢ ਦਿੱਤਾ ਜਾਵੇਗਾ।

13) ਵਿਦਿਆਰਥੀਆਂ ਵੱਲੋਂ ਕਾਲਜ ਵਿੱਚ ਮੋਬਾਇਲ ਫੋਨ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੋਵੇਗੀ। ਪਹਿਲੀ ਵਾਰ ਅਜਿਹਾ ਕਰਦੇ ਵਿਦਿਆਰਥੀ ਨੂੰ ਪਕੜੇ ਜਾਣ ਉਪਰੰਤ 500/- ਰੁਪਏ ਜੁਰਮਾਨਾ ਕੀਤਾ ਜਾਵੇਗਾ ਅਤੇ ਦੂਸਰੀ ਵਾਰ ਮੋਬਾਇਲ ਫੋਨ ਦੀ ਵਰਤੋਂ ਕਰਦੇ ਪਕੜੇ ਜਾਣ ਦੀ ਸੂਰਤ ਵਿੱਚ ਉਸਨੂੰ ਕਾਲਜ ਵਿਚੋਂ ਸਸਪੈਂਡ ਕੀਤਾ ਜਾਵੇਗਾ। ਉਸਨੂੰ ਇਸ ਕੁਤਾਹੀ ਲਈ 1000/- ਰੁਪਏ ਜੁਰਮਾਨਾ ਦੇਣ ਉਪਰੰਤ ਹੀ ਬਹਾਲ ਕੀਤਾ ਜਾਵੇਗਾ।

14) ਸੰਗੀਤ ਦੇ ਲੜਕਿਆਂ ਤੋਂ ਬਗੈਰ ਕਿਸੇ ਵੀ ਲੜਕੇ ਦਾ ਗਰਲਜ਼ ਵਿੰਗ ਵਿੱਚ ਜਾਣਾ ਸਖ਼ਤ ਮਨ੍ਹਾਂ ਹੈ।

15) ਕੋਈ ਵੀ ਵਿਦਿਆਰਥੀ ਦੋ ਵਾਰ ਸਸਪੈਂਡ ਹੋਣ ਦੀ ਸੂਰਤ ਵਿੱਚ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।

16) ਕੋਈ ਵੀ ਵਿਦਿਆਰਥੀ ਆਪਣੇ ਨਾਲ ਕਿਸੇ ਵੀ ਬਾਹਰਲੇ ਵਿਅਕਤੀ/ਲੜਕੇ/ਲੜਕੀ ਨੂੰ ਨਾਲ ਨਹੀਂ ਲਿਆਏਗਾ। ਅਜਿਹਾ ਕਰਨ ਦੀ ਸੂਰਤ ਵਿੱਚ ਅਜਿਹੇ ਵਿਦਿਆਰਥੀ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

17) ਕਾਲਜ ਵਿੱਚ ਆਉਣ ਸਮੇਂ ਹਰੇਕ ਵਿਦਿਆਰਥੀ ਸਲੀਕੇ ਵਾਲੀ ਡਰੈਸ ਪਾ ਕੇ ਆਵੇਗਾ। ਸਿਰ ਤੇ ਟੋਪੀ ਪਾ ਕੇ ਜਾਂ ਰੁਮਾਲ ਬੰਨ ਕੇ ਕੰਨਾਂ ਵਿੱਚ ਮੁੰਦਰਾਂ ਪਾ ਕੇ, ਗੈਰ ਸੱਭਿਅਕ ਹੇਅਰ/ਦਾੜੀ ਕਟਿੰਗ ਕਰਵਾ ਕੇ ਆਉਣ ਤੇ ਇਸਨੂੰ ਅਨੁਸ਼ਾਸਨਹੀਣਤਾ ਸਮਝਿਆ ਜਾਵੇਗਾ ਅਤੇ ਅਜਿਹੇ ਵਿਦਿਆਰਥੀਆਂ ਖਿਲਾਫ ਯੋਗ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

18) ਕਾਲਜ ਵਿੱਚ ਵਿਦਿਆਰਥੀਆਂ ਵੱਲੋਂ ਲਿਆਂਦੇ ਜਾਂਦੇ ਸਕੂਟਰ/ਮੋਟਰ ਸਾਈਕਲ/ਕਾਰ ਕੇਵਲ ਵਿਦਿਆਰਥੀਆਂ ਲਈ ਬਣੇ ਸਾਈਕਲ ਸਟੈਂਡ ਉਪਰ ਹੀ ਖੜੇ ਕੀਤੇ ਜਾਣਗੇ। ਇਸ ਲਈ ਹਰੇਕ ਵਿਦਿਆਰਥੀ ਨਿਸਚਿਤ ਫ਼ੀਸ ਕਾਲਜ ਦਫਤਰ ਵਿੱਚ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰੇਗਾ। ਕਿਸੇ ਹੋਰ ਜਗ੍ਹਾ ਵਾਹਨ ਖੜੇ ਕੀਤੇ ਜਾਣ ਦੀ ਸੂਰਤ ਵਿੱਚ ਅਜਿਹੇ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਵੇਗਾ।

19) ਪਿਛਲੇ ਸਾਲ ਦੇ ਨਿਲੰਬਿਤ ਕੀਤੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖ਼ਲੇ ਲਈ ਵਿਚਾਰਿਆ ਨਹੀਂ ਜਾਵੇਗਾ।

20) ਕਾਲਜ ਵਿੱਚੋਂ ਪਿਛਲੇ ਸਾਲ ਡਿਟੇਨ ਹੋਏ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖ਼ਲ ਨਹੀਂ ਕੀਤਾ ਜਾਵੇਗਾ।

21) ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਪ੍ਰਿੰਸੀਪਲ ਨ.ਜ਼.ਸ.ਅ. ਸਰਕਾਰੀ ਕਾਲਜ, ਕਪੂਰਥਲਾ ਨੂੰ ਬਿਨਾਂ ਕਿਸੇ ਸੂਚਨਾ ਤੇ ਨਿਯਮਾਂ ਵਿੱਚ ਤਬਦੀਲੀ ਕਰਨ ਦਾ ਪੂਰਾ ਅਧਿਕਾਰ ਹੈ।

22) ਕਾਲਜ ਵਿੱਚ ਗੈਪ ਵਾਲੇ ਉਹਨਾਂ ਵਿਦਿਆਰਥੀਆਂ ਨੂੰ ਹੀ ਦਾਖ਼ਲਾ ਦਿੱਤਾ ਜਾ ਸਕਦਾ ਹੈ, ਜਿਹਨਾਂ ਦਾ ਇਹ ਗੈਪ ਤਿੰਨ ਸਾਲ ਤੋਂ ਵਧੇਰੇ ਨਹੀਂ ਹੈ। ਇਹ ਦਾਖ਼ਲਾ ਵੀ ਦਾਖ਼ਲਾ ਕਮੇਟੀ ਦੀ ਸੰਤੁਸ਼ਟੀ ਅਤੇ ਕਾਲਜ ਪ੍ਰਿੰਸੀਪਲ ਦੀ ਪ੍ਰਵਾਨਗੀ ਉਪਰੰਤ ਹੀ ਹੋ ਸਕੇਗਾ। ਅਜਿਹੇ ਵਿਦਿਆਰਥੀ ਆਪਣੀ ਆਖਰੀ ਅਟੈਂਡ ਕੀਤੀ ਸੰਸਥਾ ਕੋਲੋਂ ਚਾਲ-ਚਲਣ ਸਰਟੀਫਿਕੇਟ ਤੋਂ ਇਲਾਵਾ, ਆਪਣਾ ਪਿਛਲੇ ਸਾਲ ਦਾ ਚਾਲ-ਚਲਣ ਸਰਟੀਫਿਕੇਟ, ਆਪਣੇ ਇਲਾਕੇ ਦੇ ਕਿਸੇ ਸਮਰੱਥ ਅਧਿਕਾਰੀ (ਸਰਪੰਚ/ਮਿਊਂਸਪਲ ਕੌਂਸਲਰ ਆਦਿ) ਤੋਂ ਬਣਵਾ ਕੇ ਦੇਣਾ ਪਵੇਗਾ। ਇਸ ਮਕਸਦ ਲਈ ਉਸਨੂੰ ਇਕ ਸਵੈ-ਘੋਸ਼ਣਾ ਬਿਆਨ ਦੇਣਾ ਹੋਵੇਗਾ। ਇਹ ਬਿਆਨ ਗਲਤ ਹੋਣ ਦੀ ਸੂਰਤ ਵਿੱਚ ਵੀ ਉਸ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

23) ਇੱਕ ਸਾਲ ਜਾ ਇਸ ਤੋਂ ਵੱਧ ਗੈਪ (ਵਧ ਤੋਂ ਵਧ 3 ਸਾਲ) ਦੇ ਗੈਪ ਵਾਲਾ ਵਿਦਿਆਰਥੀ ਹੇਠ ਲਿਖੇ ਪ੍ਰਮਾਣ ਪੱਤਰ ਦਾਖ਼ਲਾ ਫਾਰਮ ਨਾਲ ਲਗਾਏਗਾ।

ੳ) 15 ਰੁਪਏ ਦੇ ਅਸ਼ਟਾਮ ਉੱਤੇ ਮੈਜਿਸਟ੍ਰੇਟ ਪਹਿਲਾ ਦਰਜਾ ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਜਿਸ ਵਿੱਚ ਗੈਪ ਦਾ ਕਾਰਨ ਸਪੱਸ਼ਟ ਰੂਪ ਵਿੱਚ ਦੱਸਿਆ ਗਿਆ ਹੋਵੇ ਅਤੇ ਇਹ ਵੀ ਸਪੱਸ਼ਟ ਰੂਪ ਵਿੱਚ ਲਿਖਿਆ ਜਾਵੇ ਕਿ ਵਿਦਿਆਰਥੀ ਨੇ ਸਾਰੇ ਸਮੇਂ ਦੌਰਾਨ ਕਿਸੇ ਵੀ ਵਿੱਦਿਅਕ ਸੰਸਥਾ ਵਿੱਚ ਦਾਖ਼ਲਾ ਨਹੀਂ ਲਿਆ ਸੀ ਅਤੇ ਕਦੇ ਵੀ ਅਯੋਗ ਕਰਾਰ ਨਹੀਂ ਦਿੱਤਾ ਗਿਆ।

ਅ) ਕਿਸੇ ਸਮਰੱਥ ਅਧਿਕਾਰੀ ਤੋਂ ਜਿਹੜਾ ਘੱਟੋ ਘੱਟ ਸਰਪੰਚ/ਨਗਰ ਕੌਂਸਲ ਦਾ ਮੈਬਰ ਹੋਵੇ, ਉਸ ਤੋਂ ਇਹ ਪ੍ਰਮਾਣ ਪੱਤਰ ਲਿਆ ਜਾਵੇ ਕਿ ਉਹ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀ ਨੂੰ ਨਿੱਜੀ ਤੌਰ ਤੇ ਜਾਣਦਾ ਹੈ ਅਤੇ ਉਸਦੇ ਚਾਲ-ਚਲਣ ਅਤੇ ਚਰਿਤਰ ਨੂੰ ਤਸੱਲੀਬਖਸ਼ ਮੰਨਦਾ ਹੈ। ਇਸ ਪ੍ਰਮਾਣ ਪੱਤਰ ਉੱਪਰ ਜਾਰੀ ਕਰਨ ਵਾਲੇ ਅਧਿਕਾਰੀ ਦੇ ਦਸਤਖ਼ਤ, ਉਸਦੀ ਮੋਹਰ ਅਤੇ ਮਿਤੀ ਜ਼ਰੂਰੀ ਹੋਣੇ ਚਾਹੀਦੇ।

## ਕਾਲਜ ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਹਨ। ਲਾਇਬ੍ਰੇਰੀ ਵਿੱਚ ਗਿਆਨ ਦੇ ਭਿੰਨ-ਭਿੰਨ ਖੇਤਰਾਂ ਨਾਲ ਸੰਬੰਧਤ ਵੱਖ-ਵੱਖ ਮੈਗਜ਼ੀਨ ਅਤੇ ਅਖ਼ਬਾਰਾਂ ਮੰਗਵਾਈਆਂ ਜਾਂਦੀਆਂ ਹਨ। ਕਾਲਜ ਦੇ ਵਿਦਿਆਰਥੀ, ਲਾਇਬ੍ਰੇਰੀ ਤੋਂ ਸ਼ਨਾਖਤੀ ਕਾਰਡ ਲੈਣ ਉਪਰੰਤ ਹੇਠ ਲਿਖੇ ਅਨੁਸਾਰ ਪੁਸਤਕਾਂ ਲੈ ਸਕਦੇ ਹਨ-

1) ਅੰਡਰ ਗ੍ਰੈਜੂਏਟ ਕਲਾਸਾਂ (ਪਹਿਲੇ ਤੋਂ ਛੇਵੇਂ ਸਮੈਸਟਰ ਤੱਕ) - (ਤਿੰਨ ਪੁਸਤਕਾਂ)
2) ਐਮ.ਏ./ਐਮ.ਕਾਮ. - (ਪੰਜ ਪੁਸਤਕਾਂ)

ਇਸ ਤੋਂ ਇਲਾਵਾ ਲਾਇਬ੍ਰੇਰੀ ਸੰਬੰਧੀ ਵਿਸ਼ੇਸ਼ ਨਿਯਮ/ਹਦਾਇਤਾਂ ਹੇਠ ਲਿਖੇ ਅਨੁਸਾਰ ਹਨ-

1) ਲਾਇਬ੍ਰੇਰੀ ਦੇ ਰੀਡਿੰਗ ਰੂਮ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਅਨੁਸ਼ਾਸਨ ਦੇ ਪਾਬੰਦ ਰਹਿਣ।
2) ਸੈਸ਼ਨ ਦੇ ਅਖੀਰ ਵਿੱਚ ਰੋਲ ਨੰਬਰ ਲੈਣ ਸਮੇਂ ਲਾਇਬ੍ਰੇਰੀ ਤੋਂ ਨੋ-ਡਿਊਜ਼ ਕਰਵਾਉਣ ਸਮੇਂ ਲਾਇਬ੍ਰੇਰੀ ਸ਼ਨਾਖਤੀ ਕਾਰਡ ਕੈਂਸਲ ਕਰਵਾਉਣਾ ਜ਼ਰੂਰੀ ਹੈ।
3) ਹਰ ਵਿਦਿਆਰਥੀ 14 ਦਿਨਾਂ ਲਈ ਕਿਤਾਬਾਂ ਰੱਖ ਸਕਦਾ ਹੈ। ਵਾਪਸੀ ਵਿੱਚ ਦੇਰੀ ਕਰਕੇ ਜੁਰਮਾਨਾ ਇੱਕ ਰੁਪਏ ਪ੍ਰਤੀ ਪੁਸਤਕ ਪ੍ਰਤੀ ਦਿਨ ਦੇ ਹਿਸਾਬ ਨਾਲ ਲਿਆ ਜਾਵੇਗਾ।
4) ਜੇਕਰ ਕੋਈ ਵਿਦਿਆਰਥੀ ਲਾਇਬ੍ਰੇਰੀ ਦੀ ਕਿਤਾਬ ਤੇ ਕੁਝ ਲਿਖਦਾ ਹੈ ਜਾਂ ਕਿਸੇ ਤਰ੍ਹਾਂ ਖਰਾਬ ਕਰਦਾ ਹੈ, ਤਾਂ ਉਸਨੂੰ ਉਸ ਕਿਤਾਬ ਦੀ ਕੀਮਤ ਦੇਣੀ ਪਵੇਗੀ।
5) ਵਿਸ਼ੇਸ਼ ਰੂਪ ਵਿੱਚ ਰਾਖਵੀਆਂ ਪੁਸਤਕਾਂ ਲਾਇਬ੍ਰੇਰੀ ਤੋਂ ਬਾਹਰ ਨਹੀਂ ਲਿਜਾਈਆਂ ਜਾ ਸਕਦੀਆਂ।
6) ਲਾਇਬ੍ਰੇਰੀਅਨ ਸਾਹਿਬ ਵੱਲੋਂ ਸੂਚਨਾ ਮਿਲਣ ਤੇ ਪੁਸਤਕਾਂ ਤੁਰੰਤ ਵਾਪਿਸ ਕਰਨੀਆਂ ਹੋਣਗੀਆਂ।
7) ਕਿਤਾਬ ਗੁਆਚਣ ਦੀ ਸੂਰਤ ਵਿੱਚ ਅਗਰ ਮਾਰਕੀਟ ਵਿੱਚੋਂ ਕਿਤਾਬ ਨਾ ਮਿਲਦੀ ਹੋਵੇ ਤਾਂ ਪ੍ਰਿੰਸੀਪਲ ਸਾਹਿਬ ਕੀਮਤ ਤੋਂ ਇਲਾਵਾ ਜੁਰਮਾਨਾ ਵੀ ਪਾ ਸਕਦੇ ਹਨ।
8) ਲਾਇਬ੍ਰੇਰੀ ਸਕਿਉਰਟੀ ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ-ਅੰਦਰ ਕਢਵਾਈ ਜਾ ਸਕਦੀ ਹੈ।

## ਸ਼ਨਾਖ਼ਤੀ ਕਾਰਡ

1) ਵਿਦਿਆਰਥੀ ਲਾਇਬ੍ਰੇਰੀ ਸ਼ਨਾਖ਼ਤੀ ਕਾਰਡ ਨਾਲ ਹੀ ਕਾਲਜ ਕੈਂਪਸ ਵਿੱਚ ਦਾਖ਼ਲ ਹੋ ਸਕਦੇ ਹਨ। ਹਰ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੈ ਕਿ ਉਹ ਦਿੱਤੀਆਂ ਹੋਈਆ ਮਿਤੀਆਂ ਅਨੁਸਾਰ 20 ਦਿਨ ਦੇ ਅੰਦਰ-ਅੰਦਰ ਆਪਣਾ ਲਾਇਬ੍ਰੇਰੀ ਸ਼ਨਾਖ਼ਤੀ ਕਾਰਡ ਲਾਇਬ੍ਰੇਰੀ ਵਿੱਚੋਂ ਜਾਰੀ ਕਰਵਾ ਲਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਲਜ ਪ੍ਰਿੰਸੀਪਲ ਤੋਂ ਮੁੜ ਇਜ਼ਾਜਤ ਲੈ ਕੇ ਅਤੇ ਮੌਕੇ ਤੇ 500 ਰੁਪਏ ਜੁਰਮਾਨਾ ਭਰ ਕੇ ਹੀ ਕਾਰਡ ਬਣਾਇਆ ਜਾਵੇਗਾ।
2) ਕਾਲਜ ਸਟਾਫ਼ ਦਾ ਕੋਈ ਵੀ ਮੈਂਬਰ, ਵਿਦਿਆਰਥੀ ਨੂੰ ਕਿਸੇ ਵੀ ਸਮੇਂ ਲਾਇਬ੍ਰੇਰੀ ਸ਼ਨਾਖ਼ਤੀ ਕਾਰਡ ਦਿਖਾਉਣ ਲਈ ਕਹਿ ਸਕਦਾ ਹੈ।
3) ਲਾਇਬ੍ਰੇਰੀ ਸ਼ਨਾਖ਼ਤੀ ਕਾਰਡ ਦੀ ਅਣਹੋਂਦ ਕਾਰਨ ਵਿਦਿਆਰਥੀ ਦੇ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।
4) ਲਾਇਬ੍ਰੇਰੀ ਸ਼ਨਾਖ਼ਤੀ ਕਾਰਡ ਗੁੰਮ ਹੋਣ ਤੇ ਐਫ਼.ਆਈ.ਆਰ. ਦਰਜ ਕਰਾਉਣ ਦੇ ਨਾਲ ਲੋੜੀਂਦੀ ਫੀਸ ਭਰਨੀ ਪਵੇਗੀ। ਇਸ ਤੋਂ ਇਲਾਵਾ ਕਾਲਜ ਪ੍ਰਿੰਸੀਪਲ ਵਲੋਂ ਨਿਸਚਿਤ ਕੀਤਾ 100 ਰੁਪਏ ਜੁਰਮਾਨਾ ਭਰਨਾ ਪਵੇਗਾ।
5) ਲਾਇਬ੍ਰੇਰੀ ਸ਼ਨਾਖ਼ਤੀ ਕਾਰਡ ਬਣਾਉਣ ਸਮੇਂ ਵਿਦਿਆਰਥੀ ਨੂੰ ਫੋਟੋ ਲੱਗਿਆ ਹੋਇਆ, ਘਰ ਦੇ ਪਤੇ ਦਾ ਸਬੂਤ ਜਮ੍ਹਾਂ ਕਰਵਾਉਣ ਹੋਵੇਗਾ।

## ਸਾਈਕਲ ਸਟੈਂਡ / ਪਾਰਕਿੰਗ

1) ਵਿਦਿਆਰਥੀ ਆਪਣੇ ਵਾਹਨ, ਪਾਰਕਿੰਗ ਵਿੱਚ ਚੌਕੀਦਾਰ ਪਾਸੋਂ ਟੋਕਨ ਲੈ ਕੇ ਰੱਖਣਗੇ।
2) ਬਿਨਾਂ ਫੀਸ ਜਮ੍ਹਾਂ ਕਰਵਾਏ, ਕੋਈ ਵੀ ਵਿਦਿਆਰਥੀ ਵਾਹਨ ਨੂੰ ਸਟੈਂਡ ਵਿੱਚ ਨਹੀਂ ਰੱਖ ਸਕਦਾ। ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ ਢੁਕਵਾਂ ਜੁਰਮਾਨਾ ਕੀਤਾ ਜਾਵੇਗਾ।
3) ਪਾਰਕਿੰਗ ਤੋਂ ਬਿਨਾਂ ਕਿਸੇ ਵੀ ਥਾਂ ਤੇ ਵਾਹਨ ਰੱਖਣਾ ਅਨੁਸ਼ਾਸਨਹੀਣਤਾ ਹੋਵੇਗੀ ਅਤੇ ਵਾਹਨ ਗੁੰਮ ਹੋਣ ਦੀ ਸੂਰਤ ਵਿੱਚ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
4) ਕਾਲਜ ਸਮੇਂ ਤੋਂ ਬਾਅਦ ਵਾਹਨ ਦੀ ਕੋਈ ਵੀ ਜ਼ਿੰਮੇਵਾਰੀ ਕਾਲਜ ਦੀ ਨਹੀਂ ਹੋਵੇਗੀ।

# ਛੁੱਟੀਆਂ ਬਾਰੇ ਨਿਯਮ

1) ਤਿੰਨ ਦਿਨ ਤੱਕ ਦੀ ਛੁੱਟੀ ਦੀ ਮਨਜ਼ੂਰੀ ਟਿਊਟਰ ਤੋਂ, ਚਾਰ ਤੋਂ ਸੱਤ ਦਿਨ ਲਈ, ਸੀਨੀਅਰ-ਟਿਊਟਰ ਤੋਂ ਅਤੇ ਇਸ ਤੋਂ ਵੱਧ ਦਿਨਾਂ ਲਈ ਜਾਂ ਕਾਲਜ ਦੀਆਂ ਪ੍ਰੀਖਿਆਵਾਂ ਦੌਰਾਨ ਛੁੱਟੀ ਲਈ, ਪ੍ਰਿੰਸੀਪਲ ਸਾਹਿਬ ਤੋਂ ਸਿੱਧੀ ਮਨਜ਼ੂਰੀ ਲੈਣੀ ਹੋਵੇਗੀ।
2) ਬੀਮਾਰੀ ਦੀ ਹਾਲਤ ਵਿੱਚ ਸੱਤ ਦਿਨਾਂ ਤੋਂ ਵੱਧ ਛੁੱਟੀ ਲੈਣ ਲਈ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦਾ ਸਰਟੀਫਿਕੇਟ ਸਮੇਂ ਸਿਰ, ਅਰਜ਼ੀ ਨਾਲ ਦੇਣਾ ਜ਼ਰੂਰੀ ਹੈ। ਬਾਅਦ ਵਿੱਚ ਦਿੱਤਾ ਹੋਇਆ ਸਰਟੀਫਿਕੇਟ ਪ੍ਰਵਾਨ ਨਹੀਂ ਕੀਤਾ ਜਾਵੇਗਾ।

# ਛੁੱਟੀਆਂ ਦਾ ਵੇਰਵਾ

ਯੂਨੀਵਰਸਿਟੀ ਦੀ ਸੂਚਨਾ ਅਨੁਸਾਰ ਕਾਲਜ ਵਿੱਚ ਹੇਠ ਲਿਖੇ ਅਨੁਸਾਰ ਛੁੱਟੀਆਂ ਹੋਣਗੀਆਂ।

1) ਗਰਮੀਆਂ ਦੀਆਂ ਛੁੱਟੀਆਂ — 07.06.2025 ਤੋਂ 15.07.2025
2) ਸਰਦੀਆਂ ਦੀਆਂ ਛੁੱਟੀਆਂ — 27.12.2025 ਤੋਂ 10.01.2026

# ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ

### ਸਰੀਰਕ ਸਿੱਖਿਆ ਅਤੇ ਖੇਡਾਂ

1) ਵਿਦਿਆਰਥੀਆਂ ਦੇ ਵਿਅਕਤੀਤਵ ਦਾ ਸੰਤੁਲਿਤ ਵਿਕਾਸ ਕਰਨ ਦੇ ਉਦੇਸ਼ ਨਾਲ ਕਾਲਜ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦਾ ਵੀ ਯੋਗ ਪ੍ਰਬੰਧ ਹੈ।
2) ਕਾਲਜ ਸਟਾਫ ਦੀ ਨਿਗਰਾਨੀ ਹੇਠ ਵਿਦਿਆਰਥੀ ਖੇਡਾਂ ਵਿੱਚ ਹਿੱਸਾ ਲੈ ਕੇ ਯੂਨੀਵਰਸਿਟੀ ਵਿੱਚ ਪੁਜ਼ੀਸ਼ਨਾਂ ਹਾਸਲ ਕਰਦੇ ਹਨ।
3) ਕਾਲਜ ਵਿੱਚ ਹਾਕੀ, ਕ੍ਰਿਕਟ, ਬਾਸਕਟਬਾਲ, ਕਬੱਡੀ, ਖੋ-ਖੋ, ਵਾਲੀਬਾਲ, ਅਥਲੈਟਿਕਸ ਆਦਿ ਖੇਡਾਂ ਦਾ ਪ੍ਰਬੰਧ ਹੈ।
4) ਵਿਦਿਆਰਥੀ ਸਰੀਰਕ ਸਿੱਖਿਆ ਨੂੰ ਚੋਣਵੇਂ ਵਿਸ਼ੇ ਦੇ ਤੌਰ ਤੇ ਰੱਖ ਸਕਦੇ ਹਨ।
5) ਯੋਗ ਖਿਡਾਰੀਆਂ ਨੂੰ ਸਰੀਰਕ ਸਿੱਖਿਆ ਵਿਭਾਗ ਦੇ ਅਧਿਆਪਕਾਂ ਦੀ ਸਿਫ਼ਾਰਸ਼ ਨਾਲ ਦਾਖ਼ਲਾ ਦਿੱਤਾ ਜਾਂਦਾ ਹੈ।

### ਐਨ.ਸੀ.ਸੀ.

1) ਕਾਲਜ ਵਿੱਚ ਲੜਕਿਆਂ ਅਤੇ ਲੜਕੀਆਂ ਲਈ ਐਨ.ਸੀ.ਸੀ. ਦੀ ਇਕ-ਇਕ ਯੂਨਿਟ ਹੈ।
2) ਐਨ.ਸੀ.ਸੀ. ਦੇ ਕੈਡਿਟ ਹਰ ਸਾਲ ਵੱਖ-ਵੱਖ ਪਰੇਡਾਂ ਵਿੱਚ ਹਿੱਸਾ ਲੈਂਦੇ ਹਨ ਅਤੇ ਐਨ.ਸੀ.ਸੀ. ਦੇ ਕੈਂਪ ਲਗਾਉਂਦੇ ਹਨ।
3) ਇਨ੍ਹਾਂ ਕੈਂਪਾ ਦਾ ਲਾਭ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਦਾਖ਼ਲੇ ਅਤੇ ਨੌਕਰੀ ਲਈ ਇੰਟਰਵਿਊ ਸਮੇਂ ਮਿਲਦਾ ਹੈ।
4) ਐਨ.ਸੀ.ਸੀ. ਦੇ ਕੈਡਿਟਾਂ ਨੂੰ ਗਣਤੰਤਰ ਦਿਵਸ ਦੀ ਪਰੇਡ ਵਿੱਚ ਭਾਗ ਲੈਣ ਦੀ ਪਾਤਰਤਾ ਪ੍ਰਾਪਤ ਹੈ।
5) ਇਨ੍ਹਾਂ ਕੈਡਿਟਾਂ ਨੂੰ Cultural Exchange Programme ਦੇ ਅਧੀਨ ਵਿਦੇਸ਼ਾਂ ਵਿੱਚ ਜਾਣ ਦੀ ਪਾਤਰਤਾ ਵੀ ਪ੍ਰਾਪਤ ਹੈ।
6) ਹਰ ਸਾਲ ਵੱਡੀ ਗਿਣਤੀ ਵਿਚ ਕੈਡਿਟ 'ਬੀ' ਅਤੇ 'ਸੀ' ਸਰਟੀਫਿਕੇਟ ਦੇ ਇਮਤਿਹਾਨ ਪਾਸ ਕਰਦੇ ਹਨ।
7) ਜਿਹੜੇ ਕੈਡਿਟ 'ਸੀ' ਸਰਟੀਫਿਕੇਟ ਦਾ ਇਮਤਿਹਾਨ 'ਬੀ' ਗਰੇਡ ਵਿੱਚ ਪਾਸ ਕਰਦੇ ਹਨ, ਉਨ੍ਹਾਂ ਦੀ ਸੈਨਾ ਵਿੱਚ ਲੈਫਟੀਨੈਂਟ ਵਜੋਂ ਚੋਣ ਸਿਰਫ ਇੰਟਰਵਿਊ ਦੇ ਆਧਾਰ ਤੇ ਹੁੰਦਾ ਹੈ ਅਤੇ ਇਸ ਮੰਤਵ ਲਈ ਉਨ੍ਹਾਂ ਨੂੰ ਲਿਖਤੀ ਪ੍ਰੀਖਿਆ ਨਹੀਂ ਦੇਣੀ ਪੈਂਦੀ।

### ਐੱਨ.ਐੱਸ.ਐੱਸ.

1) ਕਾਲਜ ਵਿੱਚ ਕੌਮੀ ਸੇਵਾ ਯੋਜਨਾ ਦੇ ਦੋ ਯੂਨਿਟ (ਲੜਕੇ ਅਤੇ ਲੜਕੀਆਂ) ਕੰਮ ਕਰ ਰਹੇ ਹਨ।
2) ਇਹਨਾਂ ਯੂਨਿਟਾਂ ਵੱਲੋਂ ਸਮੇਂ-ਸਮੇਂ ਤੇ ਇੱਕ ਰੋਜ਼ਾ ਅਤੇ ਸਪਤਾਹਿਕ ਕੈਂਪ ਲਗਾਏ ਜਾਂਦੇ ਹਨ।
3) ਇਹਨਾਂ ਕੈਂਪਾਂ ਦਾ ਲਾਭ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਦਾਖ਼ਲੇ ਅਤੇ ਨੌਕਰੀ ਲਈ ਇੰਟਰਵਿਊ ਸਮੇਂ ਮਿਲਦਾ ਹੈ।
4) ਐੱਨ.ਐੱਸ.ਐੱਸ. ਦੇ ਵਲੰਟੀਅਰਾਂ ਨੂੰ ਗਣਤੰਤਰ ਦਿਵਸ ਦੀ ਪਰੇਡ ਵਿੱਚ ਭਾਗ ਲੈਣ ਦੀ ਪਾਤਰਤਾ ਪ੍ਰਾਪਤ ਹੈ।
5) ਇਨ੍ਹਾਂ ਵਲੰਟੀਅਰਾਂ ਨੂੰ Cultural Exchange Programme ਦੇ ਅਧੀਨ ਵਿਦੇਸ਼ਾਂ ਵਿੱਚ ਭੇਜੇ ਜਾਣ ਦੀ ਪਾਤਰਤਾ ਵੀ ਪ੍ਰਾਪਤ ਹੈ।
6) ਇਨ੍ਹਾਂ ਨੂੰ ਸੰਯੁਕਤ ਰਾਸ਼ਟਰ ਵਲੰਟੀਅਰ ਬਣ ਸਕਣ ਲਈ ਪਾਤਰਤਾ ਵੀ ਪ੍ਰਾਪਤ ਹੈ।

### ਯੂਥ ਕਲੱਬ

1) ਵਿਦਿਆਰਥੀਆਂ ਅੰਦਰ ਸਾਹਿਤਕ ਅਤੇ ਸੱਭਿਆਚਾਰਕ ਰੁਚੀਆਂ ਪੈਦਾ ਕਰਨ ਹਿੱਤ ਕਾਲਜ ਵਿੱਚ ਯੂਥ ਕਲੱਬ ਸਰਗਰਮ ਹੈ।
2) ਪ੍ਰੋ. ਇੰਚਾਰਜ ਦੀ ਨਿਗਰਾਨੀ ਹੇਠ ਵਿਦਿਆਰਥੀ ਹੇਠ ਲਿਖਿਆਂ ਗਤੀਵਿਧੀਆਂ ਵਿੱਚ ਭਾਗ ਲੈਂਦੇ ਹਨ-
(ੳ) ਭਿੰਨ-ਭਿੰਨ ਖੇਤਰਾਂ ਵਿੱਚ ਅੰਤਰ ਕਾਲਜ ਮੁਕਾਬਲੇ।
(ਅ) ਯੂਨੀਵਰਸਿਟੀ ਅਤੇ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾਣ ਵਾਲ ਯੁਵਕ ਮੇਲੇ।
(ੲ) ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ।
(ਸ) ਹਾਈਕਿੰਗ, ਟਰੈਕਿੰਗ ਕੈਂਪ।
3) ਉਪਰੋਕਤ ਗਤੀਵਿਧੀਆਂ ਦੇ ਜੇਤੂ ਵਿਦਿਆਰਥੀਆਂ ਨੂੰ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਦਾਖ਼ਲੇ ਅਤੇ ਨੌਕਰੀ ਸਮੇਂ ਲਾਭ ਮਿਲਦਾ ਹੈ।
4) ਇਸ ਕਲੱਬ ਵੱਲੋਂ ਵਿੱਦਿਅਕ ਟੂਰ ਵੀ ਲਾਏ ਜਾਂਦੇ ਹਨ।

# ਸਵੱਛਤਾ ਕਲੱਬ

1) ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲਾ (ਐਮ.ਐਚ.ਆਰ.ਡੀ.) ਦੀਆਂ ਹਦਾਇਤਾਂ ਮੁਤਾਬਿਕ ਕਾਲਜ ਵਿੱਚ ਸਵੱਛਤਾ ਕਲੱਬ ਬਣਾਇਆ ਗਿਆ ਹੈ।
2) ਕੋਈ ਵੀ ਵਿਦਿਆਰਥੀ ਇਸ ਕਲੱਬ ਦਾ ਮੈਂਬਰ ਬਣ ਸਕਦਾ ਹੈ।
3) ਇਸ ਕਲੱਬ ਦਾ ਮੁੱਖ ਮੰਤਵ ਵਿਦਿਆਰਥੀਆਂ ਅਤੇ ਜਨਰਲ ਪਬਲਿਕ ਨੂੰ ਸਵੱਛਤਾ ਬਾਰੇ ਜਾਣੂ ਕਰਵਾਉਣਾ ਹੈ।

# ਸਭਾਵਾਂ / ਸੁਸਾਇਟੀਆਂ

ਵਿਦਿਆਰਥੀਆਂ ਦੀਆਂ ਗਿਆਨਾਤਮਕ ਅਤੇ ਕਲਾਤਮਕ ਰੁਚੀਆਂ ਨੂੰ ਵਿਕਸਿਤ ਕਰਨ ਦੇ ਮਨੋਰਥ ਹਿੱਤ ਹੇਠ ਲਿਖੀਆਂ ਸਭਾਵਾਂ ਕਾਲਜ ਵਿੱਚ ਸਰਗਰਮ ਹਨ-

1) ਅੰਗਰੇਜ਼ੀ ਲਿਟਰੇਰੀ ਸੁਸਾਇਟੀ
2) ਪੰਜਾਬੀ ਸਾਹਿਤ ਸਭਾ
3) ਹਿੰਦੀ ਪਰੀਸ਼ਦ
4) ਸੰਸਕ੍ਰਿਤ ਪਰੀਸ਼ਦ
5) ਪਲੈਨਿੰਗ ਫੋਰਮ
6) ਹੋਮ ਸਾਇੰਸ ਐਸੋਸੀਏਸ਼ਨ
7) ਮਿਊਜ਼ਿਕ ਕਲੱਬ
8) ਜਿਉਗਰਾਫੀ ਸੁਸਾਇਟੀ
9) ਮੈਥੇਮੈਟੀਕਲ ਸੋਸਾਇਟੀ
10) ਕਾਮਰਸ ਫੋਰਮ
11) ਸਾਇੰਸ ਅਤੇ ਵਾਤਾਵਰਣ ਸੋਸਾਇਟੀ
12) ਹਿਸਟਰੀ ਐਸੋਸੀਏਸ਼ਨ
13) ਪੋਲੀਟੀਕਲ ਸਾਇੰਸ ਐਸੋਸੀਏਸ਼ਨ
14) ਫਿਲਾਸਫੀਕਲ ਸੁਸਾਇਟੀ
15) ਥੀਏਟਰ ਕਲੱਬ

# ਕਾਲਜ ਇਨਾਮ / ਰੋਲ ਆਫ਼ ਆਨਰ / ਕਾਲਜ ਕਲਰ / ਮੈਰਿਟ ਸਰਟੀਫਿਕੇਟ

ਵਿਦਿਆਰਥੀ ਨੂੰ ਅਕਾਦਕਿ, ਖੇਡਾਂ, ਐਨ.ਸੀ.ਸੀ., ਐਨ.ਐਸ.ਐਸ. ਅਤੇ ਸੱਭਿਆਚਾਰਕ ਸਰਗਰਮੀਆਂ ਵਰਗੇ ਖੇਤਰਾਂ ਵਿੱਚ ਪ੍ਰਤਿਸ਼ਠਾ ਪ੍ਰਾਪਤ ਕਰਨ ਉੱਤੇ ਮੈਡਲ, ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਦਿੱਤੇ ਜਾਂਦੇ ਹਨ। ਹਰ ਕਿਸਮ ਦੇ ਸਨਮਾਨ ਲਈ ਕਾਲਜ ਕੌਂਸਿਲ ਦੀ ਪ੍ਰਵਾਨਗੀ ਜ਼ਰੂਰੀ ਹੈ।

ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਨਿਸਚਿਤ ਸ਼ਰਤਾਂ ਪੂਰੀਆਂ ਕਰਨ ਵਾਲੇ ਯੋਗ ਵਿਦਿਆਰਥੀਆਂ ਨੂੰ ਰੋਲ ਆਫ਼ ਆਨਰ, ਕਾਲਜ ਕਲਰ ਅਤੇ ਸਰਟੀਫਿਕੇਟ ਆਫ ਮੈਰਿਟ ਪ੍ਰੋ. ਇੰਚਾਰਜ ਦੀ ਸਿਫਾਰਿਸ਼ ਉਪਰੰਤ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ ਹੀ ਪ੍ਰਦਾਨ ਕੀਤੇ ਜਾਣਗੇ।

ਪ੍ਰਿੰਸੀਪਲ ਨੂੰ ਅਧਿਕਾਰ ਹੋਵੇਗਾ ਕਿ ਸਟਾਫ਼ ਮੈਂਬਰਾਂ ਦੀ ਸਿਫਾਰਿਸ਼ ਅਨੁਸਾਰ ਇਨ੍ਹਾਂ ਇਨਾਮਾਂ ਵਿੱਚ ਕੋਈ ਵੀ ਤਬਦੀਲੀ ਕੀਤੀ ਜਾ ਸਕਦੀ ਹੈ।

# ਅਕਾਦਮਿਕ ਇਨਾਮ ਪ੍ਰਦਾਨ ਕਰਨ ਸੰਬੰਧੀ ਨਿਯਮ

ਘਰੇਲੂ ਪ੍ਰੀਖਿਆ ਦੇ ਆਧਾਰ ਤੇ ਇਨਾਮ ਪ੍ਰਾਪਤ ਕਰਨ ਦੇ ਨਿਯਮ-

1) ਘਰੇਲੂ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਇਨਾਮ ਦਿੱਤੇ ਜਾਣਗੇ।
2) ਇਨਾਮਾਂ ਦੀ ਰਕਮ ਫੰਡਾਂ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।
3) ਬਰੈਕਟਿਡ ਰਹਿਣ ਦੀ ਸੂਰਤ ਵਿੱਚ ਇਨਾਮਾਂ ਦੀ ਰਕਮ ਇੱਕੋ ਜਿਹੀ ਹੀ ਰਹੇਗੀ।
4) ਜੇਕਰ ਕਿਸੇ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 10 ਜਾਂ 10 ਤੋਂ ਘੱਟ ਹੈ ਤਾਂ ਸਿਰਫ ਪਹਿਲਾ ਇਨਾਮ ਹੀ ਦਿੱਤਾ ਜਾਵੇਗਾ ਅਤੇ 1 ਤੋਂ 50 ਤੱਕ ਦੂਜਾ ਇਨਾਮ ਅਤੇ 50 ਤੋਂ ਉਪਰ ਤੀਜਾ ਇਨਾਮ ਦਿੱਤਾ ਜਾਵੇਗਾ।
5) ਘਰੇਲੂ ਪ੍ਰੀਖਿਆ ਵਿੱਚੋਂ ਕਿਸੇ ਵਿਸ਼ੇ ਵਿੱਚ ਫੇਲ ਵਿਦਿਆਰਥੀ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ।
6) ਅਨੁਸ਼ਾਸਨਹੀਣਤਾ ਦੇ ਦੋਸ਼ੀ ਤੇ ਘਰੇਲੂ ਪ੍ਰੀਖਿਆ ਵਿੱਚ ਨਕਲ ਦੇ ਦੋਸ਼ੀ ਵਿਦਿਆਰਥੀ ਕਿਸੇ ਇਨਾਮ ਦੇ ਯੋਗ ਨਹੀਂ ਹੋਣਗੇ।
7) ਯੂਨੀਵਰਸਿਟੀ ਇਮਤਿਹਾਨ ਵਿੱਚ ਕਾਲਜ ਵਿੱਚੋਂ ਕੁੱਲ ਜੋੜ ਦੇ ਆਧਾਰ ਤੇ ਦਿੱਤੇ ਜਾਣ ਵਾਲੇ ਇਨਾਮ ਸਾਇੰਸ, ਕਾਮਰਸ ਤੇ ਆਰਟਸ ਗੁਰੱਪਾਂ ਵਿੱਚ ਵੱਖ-ਵੱਖ ਤੌਰ ਤੇ ਦਿੱਤੇ ਜਾਣਗੇ ਪ੍ਰੰਤੂ ਵਿਦਿਆਰਥੀ ਨੇ ਘੱਟ ਤੋਂ ਘੱਟ 50% ਅੰਕ ਜ਼ਰੂਰ ਪ੍ਰਾਪਤ ਕੀਤੇ ਹੋਣ।
8) ਘਰੇਲੂ ਪ੍ਰੀਖਿਆ ਵਿੱਚ ਵਿਸ਼ਿਆਂ ਅਤੇ ਕੁਲ ਜੋੜ ਦੇ ਆਧਾਰ ਤੇ ਦਿੱਤੇ ਜਾਣ ਵਾਲੇ ਇਨਾਮ ਸਾਇੰਸ, ਕਾਮਰਸ ਤੇ ਆਰਟਸ ਗਰੁੱਪਾਂ ਵਿੱਚ ਵੱਖ-ਵੱਖ ਦਿੱਤੇ ਜਾਣਗੇ।
9) ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਆਉਣ ਵਾਲੇ ਹਰ ਵਿਦਿਆਰਥੀ ਨੂੰ ਇਨਾਮ ਦਿੱਤਾ ਜਾਵੇਗਾ।
10) ਘਰੇਲੂ ਪ੍ਰੀਖਿਆ ਦੇ ਕਿਸੇ ਵੀ ਪੇਪਰ ਵਿੱਚ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ ਕੋਈ ਇਨਾਮ ਨਹੀਂ ਦਿੱਤਾ ਜਾਵੇਗਾ।
11) ਘਰੇਲੂ ਪ੍ਰੀਖਿਆ ਵਿੱਚੋਂ ਵਿਸ਼ੇ ਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇਨਾਮ ਦਿੱਤਾ ਜਾਵੇਗਾ।

# ਇਨਾਮਾਂ ਦੀ ਵੰਡ

### ਗੋਲਡ ਮੈਡਲ, ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਲਈ ਨਿਯਮ

**(ੳ) ਗੋਲਡ ਮੈਡਲ-**

ਕਾਲਜ ਵਿੱਚ ਹੇਠ ਲਿਖੇ ਅਨੁਸਾਰ ਗੋਲਡ ਮੈਡਲ ਦੇਣ ਦੀ ਵਿਵਸਥਾ ਹੈ-

1) **ਸ. ਅਮਰ ਸਿੰਘ ਸਰਗੋਧੀਆ ਯਾਦਗਾਰੀ ਗੋਲਡ ਮੈਡਲ-** ਉਹ ਵਿਦਿਆਰਥੀ ਲਈ, ਜਿਸਨੇ ਬੀ.ਏ. ਭਾਗ ਤੀਜਾ ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਚੋਣਵੀਂ ਪੰਜਾਬੀ ਦੇ ਵਿਸ਼ੇ ਵਿੱਚੋਂ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ਅਤੇ ਨਾਲ ਹੀ ਉਸਨੇ ਘੱਟ ਤੋਂ ਘੱਟ 60% ਅੰਕ ਅਤੇ ਉਸ ਪ੍ਰੀਖਿਆ ਦੇ ਕੁਲ ਅੰਕਾਂ ਦੇ ਜੋੜ ਦੇ ਘੱਟ ਤੋ ਘੱਟ 55% ਅੰਕ ਪ੍ਰਾਪਤ ਕੀਤੇ ਹੋਣ। ਇਹ ਮੈਡਲ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ, ਪ੍ਰਿੰਸੀਪਲ ਪ੍ਰੀਤਮ ਸਿੰਘ ਸਰਗੋਧੀਆ ਆਪਣੇ ਪੂਜਨੀਕ ਪਿਤਾ ਜੀ ਦੀ ਯਾਦ ਵਿੱਚ ਪ੍ਰਦਾਨ ਕਰਦੇ ਹਨ।
2) **ਸ. ਕੁਲਵੰਤ ਸਿੰਘ ਵਿਰਕ ਯਾਦਗਾਰੀ ਗੋਲਡ ਮੈਡਲ-** ਉਸ ਵਿਦਿਆਰਥੀ ਲਈ, ਜਿਸਨੇ ਬੀ.ਏ. ਭਾਗ ਤੀਜਾ ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਕਾਲਜ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ। ਇਹ ਮੈਡਲ ਡਾ. (ਸ਼੍ਰੀਮਤੀ) ਸੁਦੀਪ ਭੰਗੂ (ਸਾਬਕਾ ਮੁਖੀ, ਘਰੇਲੂ ਵਿਗਿਆਨ ਵਿਭਾਗ) ਵੱਲੋਂ ਆਪਣੇ ਪੂਜਨੀਕ ਪਿਤਾ ਜੀ ਸ.ਕੁਲਵੰਤ ਸਿੰਘ ਵਿਰਕ, ਜੋ ਕਿ ਪੰਜਾਬੀ ਸਾਹਿਤ ਦੇ ਪ੍ਰਸਿੱਧ ਕਹਾਣੀਕਾਰ ਸਨ, ਦੀ ਯਾਦ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ।

3) **ਫ਼ਲਾਈਟ ਲੈਫਟੀਨੈਂਟ ਗੁਰਿੰਦਰਜੀਤ ਸਿੰਘ ਯਾਦਗਾਰੀ ਗੋਲਡ ਮੈਡਲ-** ਇਹ ਗੋਲਡ ਬੀ.ਐਸਸੀ. ਭਾਗ ਤੀਜਾ (ਨਾਨ-ਮੈਡੀਕਲ) ਦੇ ਉਸ ਵਿਦਿਆਰਥੀ ਨੂੰ ਮਿਲੇਗਾ, ਜਿਹੜਾ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਵਿੱਚੋਂ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰੇਗਾ। ਇਹ ਮੈਡਲ ਹੈੱਡਮਾਸਟਰ ਤੇਜਾ ਸਿੰਘ ਜੀ ਵੱਲੋਂ ਆਪਣੇ ਸੁਪੱਤਰ ਦੀ ਨਿੱਘੀ ਯਾਦ ਵਿੱਚ ਦਿੱਤਾ ਜਾਂਦਾ ਹੈ।

4) **ਮਾਤਾ ਚੰਨਣ ਕੌਰ ਯਾਦਗਾਰੀ ਗੋਲਡ ਮੈਡਲ-** ਇਹ ਮੈਡਲ ਬੀ.ਏ. ਭਾਗ ਤੀਜਾ ਦੀ ਉਸ ਵਿਦਿਆਰਥੀ/ਵਿਦਿਆਰਥਣ ਨੂੰ ਦਿੱਤਾ ਜਾਵੇਗਾ, ਜਿਸਨੇ ਬੀ.ਏ. ਡਿਗਰੀ ਕੋਰਸ ਵਿੱਚ ਹਿੰਦੀ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ। ਇਹ ਮੈਡਲ ਡਾ. ਤਰਸੇਮ ਲਾਲ ਸਾਗਰ, ਸਾਬਕਾ ਮੁੱਖੀ ਹਿੰਦੀ ਵਿਭਾਗ, ਆਪਣੀ ਮਾਤਾ ਜੀ ਦੀ ਨਿੱਘੀ ਯਾਦ ਵਿੱਚ ਪ੍ਰਦਾਨ ਕਰਦੇ ਹਨ।

5) **ਸ਼੍ਰੀ ਐਸ.ਆਰ. ਖਿੰਦਰ ਯਾਦਗਾਰੀ ਗੋਲਡ ਮੈਡਲ-** ਇਹ ਮੈਡਲ ਬੀ.ਏ. ਭਾਗ ਤੀਜਾ ਦੀ ਉਸ ਵਿਦਿਆਰਥੀ/ਵਿਦਿਆਰਥਣ ਨੂੰ ਪ੍ਰਦਾਨ ਕੀਤਾ ਜਾਵੇਗਾ, ਜਿਸਨੇ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਵਿੱਚ ਸੰਸਕ੍ਰਿਤ ਵਿਸ਼ੇ ਵਿੱਚੋਂ ਬੀ.ਏ. ਸਮੈਸਟਰ ਪਹਿਲੇ ਤੋਂ ਛੇਵਾਂ ਦੇ ਕੁਲ ਜੋੜ ਵਿੱਚੋਂ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ। ਇਹ ਮੈਡਲ ਡਾ. ਵਿਜੇ ਕੁਮਾਰ ਖਿੰਦਰ, ਸਾਬਕਾ ਮੁੱਖੀ ਸੰਸਕ੍ਰਿਤ ਵਿਭਾਗ ਆਪਣੇ ਪੂਜਨੀਕ ਪਿਤਾ ਜੀ ਦੀ ਨਿੱਘੀ ਯਾਦ ਵਿੱਚ ਪ੍ਰਦਾਨ ਕਰਦੇ ਹਨ।

6) **ਕੈਪਟਨ ਧਿਆਨ ਸਿੰਘ ਯਾਦਗਾਰੀ ਗੋਲਡ ਮੈਡਲ-** ਇਹ ਮੈਡਲ ਐਮ.ਏ. ਅਰਥ-ਸ਼ਾਸਤਰ ਪਹਿਲਾ/ਦੂਜਾ ਦੇ ਉਸ ਵਿਦਿਆਰਥੀ/ਵਿਦਿਆਰਥਣ ਨੂੰ ਦਿੱਤਾ ਜਾਵੇਗਾ ਜਿਸਨੇ ਯੂਨੀਵਰਸਿਟੀ ਦੀਆਂ ਪਹਿਲੀਆਂ ਦਸ ਪੁਜ਼ੀਸ਼ਨਾਂ ਵਿੱਚੋਂ ਸਭ ਤੋਂ ਉੱਚੀ ਪੁਜ਼ੀਸ਼ਨ ਹਾਸਲ ਕੀਤੀ ਹੋਵੇ ਜਾਂ ਘੱਟ ਤੋਂ ਘੱਟ 60% ਨੰਬਰ ਲੈ ਕੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ। ਇਹ ਮੈਡਲ ਸ਼੍ਰੀਮਤੀ ਜੀਵਨ ਜਯੋਤੀ ਆਪਣੇ ਪਤੀ ਦੀ ਨਿੱਘੀ ਯਾਦ ਵਿੱਚ ਪ੍ਰਦਾਨ ਕਰਦੇ ਹਨ।

7) **Rajan Zed Gold Medal for Music-** Best upcoming student of the college who is taking music as a subject and has the potential and desire to succeed in the professional music (Vocal/Instrumental Classical/light) world. The Chairperson of both vocal music and instrumental music department of the college will make the decision for this award unanimously. While selecting awardee, the selector will only look for desire and potential to succeed in the professional music world. No consideration will be given to student's percentage of marks.

8) **ਮਾਤਾ ਤ੍ਰਿਸ਼ਨ ਕੌਰ ਯਾਦਗਾਰੀ ਗੋਲਡ ਮੈਡਲ-** ਇਹ ਮੈਡਲ ਬੀ.ਏ., ਬੀ. ਕਾਮ., ਬੀ.ਐਸ ਸੀ. ਭਾਗ ਤੀਜਾ ਦੀਆਂ ਕਲਾਸਾਂ ਵਿੱਚੋਂ ਉਸ ਵਿਦਿਆਰਥੀ ਨੂੰ ਮਿਲੇਗਾ, ਜਿਹੜਾ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਵਿੱਚ ਲਾਜ਼ਮੀ ਪੰਜਾਬੀ ਦੇ ਵਿਸ਼ੇ ਵਿੱਚੋਂ ਘੱਟੋ-ਘੱਟ 60% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰੇਗਾ। ਇਹ ਮੈਡਲ ਡਾ. ਸੁਖਪਾਲ ਸਿੰਘ ਥਿੰਦ, ਐਸੋਸੀਏਟ ਪ੍ਰੋਫੈਸਰ ਪੰਜਾਬੀ ਵਿਭਾਗ, ਆਪਣੀ ਮਾਤਾ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿੱਚ ਪ੍ਰਦਾਨ ਕਰਦੇ ਹਨ।

9) **ਸਰਦਾਰਨੀ ਜਗਬੀਰ ਕੌਰ ਯਾਦਗਾਰੀ ਗੋਲਡ ਮੈਡਲ-** ਉਸ ਵਿਦਿਆਰਥੀ/ਵਿਦਿਆਰਥਣ ਲਈ ਜਿਸਨੇ ਐਮ.ਏ./ਐਮ.ਕਾਮ. ਭਾਗ ਦੂਜਾ ਦੀ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਵਿੱਚੋਂ ਕਾਲਜ ਵਿੱਚੋਂ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਇਹ ਮੈਡਲ ਸ. ਮਹਿੰਦਰ ਸਿੰਘ ਗਰੇਵਾਲ (ਨੈਸ਼ਨਲ ਐਵਾਰਡੀ) ਆਪਣੀ ਧਰਮ ਪਤਨੀ ਦੀ ਨਿੱਘੀ ਅਤੇ ਮਿੱਠੀ ਯਾਦ ਵਿੱਚ ਪ੍ਰਦਾਨ ਕਰਦੇ ਹਨ।

10) **ਮਾਤਾ ਪ੍ਰੀਤਮ ਕੌਰ ਯਾਦਗਾਰੀ ਗੋਲਡ ਮੈਡਲ-** ਇਹ ਮੈਡਲ ਉਸ ਵਿਦਿਆਰਥੀ/ਵਿਦਿਆਰਥਣ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਜਿਸਨੇ ਐਮ.ਕਾਮ. ਭਾਗ ਦੂਜਾ ਦੀ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਵਿਚੋਂ ਕਾਲਜ ਵਿੱਚੋਂ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ ਅਤੇ ਘੱਟੋ-ਘੱਟ 70% ਨੰਬਰ ਪ੍ਰਾਪਤ ਕੀਤੇ ਹੋਣ। ਇਹ ਮੈਡਲ ਡਾ. ਬਿਕਰਮ ਸਿੰਘ ਵਿਰਕ, ਪ੍ਰੋਫੈਸਰ ਕਾਮਰਸ ਵਿਭਾਗ ਆਪਣੀ ਮਾਤਾ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿੱਚ ਪ੍ਰਦਾਨ ਕਰਦੇ ਹਨ।

11) **Shipa Zed Gold Medal for Home Science-** This medal is given to student of B.A. III who has secured the highest marks in Home Science subject. This medal was instituted by Rajan Zed family in the memory of family matriarch, Late Mrs. Shipa Zed.

12) **ਸ਼੍ਰੀ ਰਾਜਿੰਦਰ ਕੁਮਾਰ ਸ਼ਰਮਾ ਅਤੇ ਸ਼੍ਰੀਮਤੀ ਰਾਜ ਕੁਮਾਰੀ ਸ਼ਰਮਾ ਯਾਦਗਾਰੀ ਗੋਲਡ ਮੈਡਲ-** ਇਹ ਮੈਡਲ ਐਮ.ਏ. ਅੰਗਰੇਜ਼ੀ ਭਾਗ ਦੂਜਾ (ਚੌਥਾ ਸਮੈਸਟਰ) ਦੇ ਉਸ ਵਿਦਿਆਰਥੀ/ਵਿਦਿਆਰਥਣ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਜਿਸਨੇ ਯੂਨੀਵਰਸਿਟੀ ਪ੍ਰੀਖਿਆ ਵਿੱਚ ਕਾਲਜ ਵਿੱਚ ਐਮ.ਏ. ਅੰਗਰੇਜ਼ੀ (ਚਾਰੋਂ ਸਮੈਸਟਰਾਂ ਦਾ ਕੁਲ ਜੋੜ) ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ। ਇਹ ਮੈਡਲ ਪ੍ਰੋਫੈਸਰ ਅੰਜੂ ਬਾਲਾ ਪ੍ਰਿੰਜਾ ਆਪਣੇ ਮਾਤਾ-ਪਿਤਾ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿੱਚ ਪ੍ਰਦਾਨ ਕਰਦੇ ਹਨ।

(ਅ) ਰੋਲ ਆਫ਼ ਆਨਰ-

ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਯੋਗਤਾ ਅਨੁਸਾਰ ਰੋਲ ਆਫ਼ ਆਨਰ ਪ੍ਰਦਾਨ ਕੀਤਾ ਜਾਂਦਾ ਹੈ।

1. ਅਕਾਦਮਿਕ ਰੋਲ ਆਫ਼ ਆਨਰ

1) ਅਕਾਦਮਿਕ ਖੇਤਰ ਵਿੱਚ ਰੋਲ ਆਫ਼ ਆਨਰ ਕਾਲਜ ਦੇ ਉਸ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਜਿਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕਰਦੇ ਹੋਏ ਯੂਨੀਵਰਸਿਟੀ ਦੁਆਰਾ ਜਾਰੀ ਮੈਰਿਟ ਲਿਸਟ ਦੀਆਂ ਪਹਿਲੀਆਂ ਦਸ ਮੈਰਿਟ ਪੁਜ਼ੀਸ਼ਨਾ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ। ਸਾਲਾਨਾ ਇਨਾਮ ਵੰਡ ਸਮਾਰੋਹ ਦੀ ਮਿਤੀ ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੁਆਰਾ ਮੈਰਿਟ ਲਿਸਟ ਜਾਰੀ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਨਿਯਮਾਂ (ਵਿਦਿਆਰਥੀਆਂ ਦੀ ਕੁੱਲ ਗਿਣਤੀ ਦੇ ਇੱਕ ਪ੍ਰਤੀਸ਼ਤ ਜਾਂ ਘੱਟ ਤੋਂ ਘੱਟ ਦੋ ਵਿਦਿਆਰਥੀ) ਅਨੁਸਾਰ ਤਿਆਰ ਕੀਤੀ ਗਈ ਮੈਰਿਟ ਲਿਸਟ ਦੇ ਆਧਾਰ ਤੇ ਉਪਰੋਕਤ ਇਨਾਮ ਪ੍ਰਦਾਨ ਕੀਤੇ ਜਾਣਗੇ।

2) ਉਹ ਵਿਦਿਆਰਥੀ ਜੋ ਪੂਰੇ ਕੋਰਸ ਦੇ ਦੌਰਾਨ ਲਗਾਤਾਰ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ ਪਹਿਲੀਆਂ ਦਸ ਪੁਜ਼ੀਸ਼ਨਾ ਤੋਂ ਬਾਅਦ ਦੀਆਂ ਪੁਜ਼ੀਸ਼ਨਾ ਪ੍ਰਾਪਤ ਕਰਦਾ ਰਿਹਾ ਹੈ, ਉਸਨੂੰ ਰੋਲ ਆਫ਼ ਆਨਰ ਕੋਰਸ ਪਾਸ ਕਰਨ ਉਪਰੰਤ ਦਿੱਤਾ ਜਾਵੇਗਾ।

2. ਸੱਭਿਆਚਾਰਕ ਖੇਤਰਾਂ ਲਈ ਰੋਲ ਆਫ਼ ਆਨਰ

ਸੱਭਿਆਚਾਰਕ ਖੇਤਰ ਵਿੱਚ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਰੋਲ ਆਫ਼ ਆਨਰ ਪ੍ਰਦਾਨ ਕੀਤੇ ਜਾਂਦੇ ਹਨ-

1) ਯੂਨੀਵਰਸਿਟੀ/ਅੰਤਰ ਯੂਨੀਵਰਸਿਟੀ/ਰਾਜ/ਰਾਸ਼ਟਰ ਪੱਧਰ ਦੇ ਮੁਕਾਬਲਿਆਂ ਵਿੱਚ ਵਿਅਕਤੀਗਤ ਜਾਂ ਟੀਮ ਆਈਟਮਾਂ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ।

2) ਯੂਨੀਵਰਸਿਟੀ ਯੂਥ ਫੈਸਟੀਵਲ ਅਤੇ ਅੰਤਰ-ਕਾਲਜ ਮੁਕਾਬਲਿਆਂ ਵਿੱਚੋਂ ਘੱਟੋ-ਘੱਟ 25 ਅੰਕ ਪ੍ਰਾਪਤ ਕੀਤੇ ਹੋਣ (ਇੰਟਰ ਜ਼ੋਨਲ ਯੂਥ ਫੈਸਟੀਵਲ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਲਈ ਕ੍ਰਮਵਾਰ 7, 5 ਅਤੇ 4 ਅੰਕ ਮੰਨ ਕੇ, ਖੇਤਰੀ ਯੁਵਕ ਮੇਲੇ ਲਈ ਕ੍ਰਮਵਾਰ 5, 3, ਅਤੇ 2 ਅੰਕ ਮੰਨ ਕੇ ਅਤੇ ਅੰਤਰ ਕਾਲਜ ਮੁਕਾਬਲਿਆ ਲਈ ਕ੍ਰਮਵਾਰ 3, 2 ਅਤੇ 1 ਅੰਕ ਮੰਨ ਕੇ ਟਰਾਫੀ ਦੇ ਕੋਈ ਅੰਕ ਨਹੀਂ ਮਿਲਣਗੇ)।

3) ਐਨ ਸੀ ਸੀ., ਥਲ ਸੈਨਿਕ ਕੈਂਪ, ਵਾਯੂ ਸੈਨਿਕ ਅਤੇ ਜਲ ਸੈਨਿਕ ਕੈਂਪ, ਐੱਨ.ਐੱਸ.ਐੱਸ., ਗਣਤੰਤਰ ਦਿਵਸ/ਆਜ਼ਾਦੀ ਦਿਵਸ ਵਿੱਚ ਦਿੱਲੀ ਵਿੱਖੇ ਭਾਗ ਲੈਣ ਲਈ।

3. ਖੇਡਾਂ ਦੇ ਖੇਤਰ ਲਈ ਰੋਲ ਆਫ਼ ਆਨਰ

1) ਸੀਨੀਅਰ ਨੈਸ਼ਨਲ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ।

2) ਅੰਤਰ-ਯੂਨੀਵਰਸਿਟੀ/ਅੰਤਰ-ਰਾਜੀ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ।

3) ਕਿਸੇ ਵੀ ਸਾਲ ਦੌਰਾਨ ਯੂਨੀਵਰਸਿਟੀ/ਸਟੇਟ ਕਲਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ।

4) ਅੰਤਰ-ਯੂਨੀਵਰਸਿਟੀ/ਨੈਸ਼ਨਲ/ਵੂਮੈਨ ਨੈਸ਼ਨਲ ਫੈਸਟੀਵਲ ਮੁਕਾਬਲਿਆਂ ਵਿੱਚ ਜੇਤੂ ਕਪਤਾਨ ਲਈ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਹਿੱਤ ਪ੍ਰਤੀਯੋਗੀ ਦੇ ਵਿਅਕਤੀਗਤ ਅਧਾਰ ਤੇ।

5) ਵਿਅਕਤੀਗਤ ਮੁਕਾਬਲਿਆਂ ਵਿੱਚੋਂ ਯੂਨੀਵਰਸਿਟੀ/ਰਾਜ ਪੱਧਰ ਤੇ ਪਹਿਲਾ ਸਥਾਨ ਪ੍ਰਾਪਤ ਕਰਨ ਲਈ।

6) ਯੂਨੀਵਰਸਿਟੀ/ਰਾਜ ਦੀ ਉਸ ਟੀਮ ਦੇ ਮੈਂਬਰਾਂ ਲਈ ਜਿਨ੍ਹਾਂ ਨੇ ਘੱਟ ਤੋਂ ਘੱਟ ਦੋ ਵਾਰ ਅੰਤਰ ਯੂਨੀਵਰਸਿਟੀ/ਜੂਨੀਅਰ ਨੈਸ਼ਨਲ/ਵੂਮੈਨ ਨੈਸ਼ਨਲ ਫੈਸਟੀਵਲ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ।

ਨੋਟ- ਰੋਲ ਆਫ਼ ਆਨਰ ਤਾਂ ਹੀ ਦਿੱਤਾ ਜਾਵੇਗਾ ਜੇਕਰ ਸੰਬੰਧਿਤ ਮੁਕਾਬਲਿਆਂ ਵਿੱਚ ਘੱਟ ਤੋਂ ਘੱਟ ਪੰਜ ਟੀਮਾਂ ਨੇ ਭਾਗ ਲਿਆ ਹੋਵੇ।

(ੲ) ਕਾਲਜ ਕਲਰ

ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਲਈ ਕਾਲਜ ਕਲਰ ਪ੍ਰਦਾਨ ਕੀਤਾ ਜਾਂਦਾ ਹੈ।

1. ਸੱਭਿਆਚਾਰਕ ਖੇਤਰ

1) ਯੂਨੀਵਰਸਿਟੀ ਪੱਧਰ ਦੇ ਮੁਕਾਬਲਿਆਂ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਹੋਵੇ।

2) ਅੰਤਰ-ਯੂਨੀਵਰਸਿਟੀ/ਰਾਜ/ਰਾਸ਼ਟਰੀ ਪੱਧਰ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ।

3) ਯੂਥ ਫੈਸਟੀਵਲ ਅਤੇ ਅੰਤਰ-ਕਾਲਜ ਮੁਕਾਬਲਿਆਂ ਵਿੱਚ 20-24 ਅੰਕ ਪ੍ਰਾਪਤ ਕੀਤੇ ਹੋਣ (ਹਰ ਮੁਕਾਬਲੇ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਜ਼ਰੂਰ ਭਾਗ ਲਿਆ ਹੋਵੇ)।

4) ਕੋਈ ਟੀਮ ਜਾਂ ਵਿਅਕਤੀਗਤ ਪ੍ਰਤੀਯੋਗੀ ਜਿਸਨੇ ਘੱਟ ਤੋਂ ਘੱਟ ਚਾਰ ਅੰਤਰ-ਕਾਲਜ ਮੁਕਾਬਲਿਆਂ ਵਿੱਚ ਜੇਤੂ ਟਰਾਫ਼ੀ ਪ੍ਰਾਪਤ ਕੀਤੀ ਹੋਵੇ।(ਹਰ ਮੁਕਾਬਲੇ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਜ਼ਰੂਰ ਭਾਗ ਲਿਆ ਹੋਵੇ)।

5) ਯੂਥ ਕੱਲਬ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀ ਨੂੰ।

6) ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਵਿੱਚ ਪਹਿਲੀ ਅਤੇ ਦੂਜੀ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਅਤੇ ਗਰੁੱਪ ਆਈਟਮ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ।

### 2. ਖੇਡਾਂ ਲਈ ਕਾਲਜ ਕਲਰ

1) ਯੂਨੀਵਰਸਿਟੀ/ਰਾਜ ਦੀ ਉਸ ਟੀਮ ਦੇ ਖਿਡਾਰੀਆਂ ਨੂੰ ਜਿਨ੍ਹਾਂ ਨੇ ਅੰਤਰ-ਯੂਨੀਵਰਸਿਟੀ/ਅੰਤਰ ਰਾਜੀ/ਜੂਨੀਅਰ ਨੈਸ਼ਨਲ/ਰੂਰਲ ਨੈਸ਼ਨਲ/ਵੂਮੈਨ ਨੈਸ਼ਨਲ ਫੈਸਟੀਵਲ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ।

2) ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤਣ ਵਾਲੀ ਟੀਮ ਦੇ ਸਾਰੇ ਮੈਂਬਰਾਂ ਲਈ।

3) ਟੀਮ ਇੰਚਾਰਜ ਦੀ ਸਿਫਾਰਿਸ਼ ਉਪਰੰਤ, ਪ੍ਰਿੰਸੀਪਲ ਦੀ ਮਨਜ਼ੂਰੀ ਨਾਲ ਯੂਨੀਵਰਸਿਟੀ ਟੂਰਨਾਮੈਂਟ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਕਪਤਾਨ ਨੂੰ।

4) ਯੂਨੀਵਰਸਿਟੀ ਟੂਰਨਾਮੈਂਟ ਵਿੱਚ ਦੂਸਰਾ ਜਾਂ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਕਪਤਾਨ ਨੂੰ।

5) ਕਿਸੇ ਵੀ ਵਿਅਕਤੀਗਤ ਮੁਕਾਬਲੇ ਵਿੱਚ ਯੂਨੀਵਰਸਿਟੀ/ਰਾਜ ਪੱਧਰੀ ਮੁਕਾਬਲਿਆਂ ਵਿੱਚੋਂ ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਪ੍ਰਤੀਯੋਗੀ ਲਈ।

6) ਅੰਤਰ-ਯੂਨੀਵਰਸਿਟੀ ਲਈ ਚੁਣੀ ਗਈ ਕਿਸੇ ਮੁਕਾਬਲੇ ਦੀ ਟੀਮ ਦੇ ਮੈਂਬਰਾਂ ਨੂੰ ਵੀ ਕਾਲਜ ਕਲਰ ਦਿੱਤਾ ਜਾਵੇਗਾ ਭਾਵੇਂ ਨਾ ਟਾਲਣਯੋਗ ਹਾਲਾਤ ਕਾਰਨ ਇਸ ਟੂਰਨਾਮੈਂਟ ਵਿੱਚ ਇਹ ਮੁਕਾਬਲਾ ਸੰਭਵ ਨਾ ਹੋ ਸਕਿਆ ਹੋਵੇ।

7) ਯੂਨੀਵਰਸਿਟੀ ਦੀ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀ ਟੀਮ ਦੇ ਸਭ ਤੋਂ ਵਧੀਆ ਐਲਾਨੇ ਗਏ ਖਿਡਾਰੀ ਲਈ।

8) ਕਾਲਜ ਖੇਡ ਸਮਾਰੋਹ ਵਿੱਚ ਲੜਕੇ ਅਤੇ ਲੜਕੀਆਂ ਵਿੱਚੋਂ ਸਰਵੋਤਮ ਚੁਣੇ ਗਏ ਅਥਲੀਟਾਂ ਨੂੰ।

ਨੋਟ- ਕਾਲਜ ਕਲਰ ਤਾਂ ਹੀ ਪ੍ਰਦਾਨ ਕੀਤਾ ਜਾਵੇਗਾ ਜੇ ਸੰਬੰਧਤ ਮੁਕਾਬਲਿਆਂ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਭਾਗ ਲਿਆ ਹੋਵੇ।

### (ਸ) ਸਰਟੀਫਿਕੇਟ ਆਫ਼ ਮੈਰਿਟ

1) ਟੀਮ ਇੰਚਾਰਜ ਦੀ ਸਿਫਾਰਿਸ਼ ਉਪਰੰਤ ਪ੍ਰਿੰਸੀਪਲ ਦੀ ਮਨਜ਼ੂਰੀ ਨਾਲ ਯੂਨੀਵਰਸਿਟੀ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਦੋ ਮੈਂਬਰਾਂ ਲਈ (ਕਪਤਾਨ ਅਤੇ ਉੱਪ ਕਪਤਾਨ)।

2) ਅਕਾਦਮਿਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰਾਂ ਵਿੱਚ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਜਾਂਦੇ ਹਨ।

### 1. ਅਕਾਦਮਿਕ ਖੇਤਰ

1) ਉਹਨਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਦੇ ਨਾਮ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਹੋਣ।

2) ਉਹ ਵਿਦਿਆਰਥੀ, ਜਿਨ੍ਹਾਂ ਨੇ ਯੂਨੀਵਰਸਿਟੀ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕਰਦੇ ਹੋਏ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ।

### 2. ਸੱਭਿਆਚਾਰਕ ਖੇਤਰ

1) ਯੂਨੀਵਰਸਿਟੀ ਜ਼ੋਨਲ ਯੂਥ ਫੈਸਟੀਵਲ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ।

2) ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਦੀਆਂ ਗਰੁੱਪ ਆਈਟਮਾਂ ਵਿੱਚ ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਮੈਂਬਰ ਹੋਣ।

3) ਯੂਥ ਫੈਸਟੀਵਲ ਅਤੇ ਅੰਤਰ-ਕਾਲਜ ਮੁਕਾਬਲਿਆਂ ਵਿੱਚ 15-19 ਅੰਕ ਪ੍ਰਾਪਤ ਕਰਨ। ਹਰ ਮੁਕਾਬਲੇ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਜ਼ਰੂਰ ਭਾਗ ਲਿਆ ਹੋਵੇ।

4) ਅੰਤਰ-ਕਾਲਜ ਮੁਕਾਬਲਿਆਂ ਵਿੱਚ ਟਰਾਫ਼ੀ ਪ੍ਰਾਪਤ ਕਰਨ ਵਾਲੀ ਟੀਮ ਦੇ ਮੈਂਬਰ।

5) ਕਾਲਜ ਮੈਗਜ਼ੀਨ ਦੇ ਹਰ ਭਾਗ ਦੇ ਵਿਦਿਆਰਥੀ ਸੰਪਾਦਕ ਲਈ।

6) ਲੈਵਲ ਕੈਂਪ ਅਤੇ ਬੈਸਟ ਵਲੰਟੀਅਰ ਯੂਥ ਕਲੱਬਾਂ (ਯੂਨੀਵਰਸਿਟੀ ਪੱਧਰ ਦੇ ਕੈਂਪ ਵਿੱਚ ਤਿੰਨ ਪੁਜ਼ੀਸ਼ਨਾਂ)

7) ਐਨ.ਸੀ.ਸੀ./ਐੱਨ.ਐੱਸ.ਐੱਸ./ਖੂਨਦਾਨ ਦੇ ਖੇਤਰ ਵਿੱਚ ਇੰਚਾਰਜ ਦੀ ਸਿਫ਼ਾਰਸ਼ ਤੇ ਅਖੀਰਲੇ ਸਾਲ ਦੇ ਸਭ ਤੋਂ ਵਧੀਆ ਇਕ ਵਿਦਿਆਰਥੀ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ।

8) ਯੂਨੀਵਰਸਿਟੀ ਵੱਲੋਂ ਆਯੋਜਿਤ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ ਵਿੱਚ ਹੋਏ ਸੱਭਿਆਚਾਰਕ ਮੁਕਾਬਲਿਆਂ ਵਿੱਚ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ।

### 3. ਖੇਡਾਂ ਲਈ ਸਰਟੀਫਿਕੇਟ ਆਫ਼ ਮੈਰਿਟ

1) ਯੂਨੀਵਰਸਿਟੀ ਟੂਰਨਾਮੈਂਟ ਵਿੱਚ ਦੋ ਮੈਚਾਂ ਵਿੱਚ ਜੇਤੂ ਰਹਿਣ ਵਾਲੀ ਟੀਮ ਦੇ ਸਾਰੇ ਮੈਂਬਰਾਂ ਲਈ।

2) ਯੂਨੀਵਰਸਿਟੀ ਟੂਰਨਾਮੈਂਟ ਵਿੱਚ ਇੱਕ ਮੈਚ ਜਿੱਤਣ ਲਈ ਟੀਮ ਦੇ ਕਪਤਾਨ ਅਤੇ ਉੱਪ ਕਪਤਾਨ ਲਈ।

3) ਯੂਨੀਵਰਸਿਟੀ ਟੂਰਨਾਮੈਂਟ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਉਸ ਟੀਮ ਦੇ ਸਾਰੇ ਮੈਂਬਰਾਂ ਲਈ ਜੋ ਕਾਲਜ ਕਲਰ ਨਹੀਂ ਪ੍ਰਾਪਤ ਕਰ ਸਕੇ।

ਨੋਟ- ਸਰਟੀਫਿਕੇਟ ਆਫ਼ ਮੈਰਿਟ ਉਦੋਂ ਹੀ ਪ੍ਰਦਾਨ ਕੀਤਾ ਜਾਵੇਗਾ ਜੇ ਸੰਬੰਧਿਤ ਮੁਕਾਬਲਿਆਂ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਭਾਗ ਲਿਆ ਹੋਵੇ।

# ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ, ਕਪੂਰਥਲਾ

## ਸਾਲ 2025-26 ਦੌਰਾਨ ਲਈਆਂ ਜਾਣ ਵਾਲੀਆਂ ਫੀਸਾਂ ਦਾ ਵੇਰਵਾ

| ਲੜੀ ਨੰਬਰ | ਕਲਾਸ | ਸਮੈਸਟਰ - ਪਹਿਲਾ, ਤੀਜਾ ਅਤੇ ਪੰਜਵਾਂ | | | | | | | | | | ਸਮੈਸਟਰ - ਦੂਜਾ, ਚੌਥਾ ਅਤੇ ਛੇਵਾਂ | | | | |
|---|---|---|---|---|---|---|---|---|---|---|---|---|---|---|---|---|
| | | ਦਾਖ਼ਲਾ ਫੀਸ | ਟਿਊਸ਼ਨ ਫੀਸ | ਐਨ.ਐਸ.ਐਸ | ਅਮਲਗਾਮੇਟਿਡ ਫੰਡ | ਐਨੂਅਲ ਫੰਡ | ਸਕਿਉਰਿਟੀ | ਸਾਇੰਸ ਫੰਡ | ਕਨਵੋਕੇਸ਼ਨ ਫੀਸ | ਯੂਨੀਵਰਸਿਟੀ ਫੀਸ | ਜੋੜ | ਟਿਊਸ਼ਨ ਫੀਸ | ਅਮਲਗਾਮੇਟਿਡ ਫੰਡ | ਸਾਇੰਸ ਫੰਡ | ਯੂਨੀਵਰਸਿਟੀ ਫੀਸ | ਜੋੜ |
| 1. | ਬੀ.ਏ. - 1 ਸਮੈਸਟਰ | 10 | 72 | 70 | 48 | 229 | 20 | 0 | 0 | 4680 | 5129 | 72 | 48 | 0 | 1900 | 2020 |
| 2. | ਬੀ.ਕਾਮ. - 1 ਸਮੈਸਟਰ | 10 | 72 | 70 | 48 | 229 | 20 | 0 | 0 | 4680 | 5129 | 72 | 48 | 0 | 1900 | 2020 |
| 3. | ਬੀ.ਐਸ.ਸੀ. (ਮੈਡੀਕਲ) - 1 ਸਮੈਸਟਰ | 10 | 72 | 70 | 48 | 229 | 20 | 144 | 0 | 5180 | 5773 | 72 | 48 | 144 | 2400 | 2664 |
| 4. | ਬੀ.ਐਸ.ਸੀ. (ਨਾਨ-ਮੈਡੀਕਲ) - 1 ਸਮੈਸਟਰ | 10 | 72 | 70 | 48 | 229 | 20 | 102 | 0 | 5180 | 5731 | 72 | 48 | 102 | 2400 | 2622 |
| 5. | ਬੀ.ਐਸ.ਸੀ. (ਅਰਥ ਸ਼ਾਸਤਰ) - 1 ਸਮੈਸਟਰ | 10 | 72 | 70 | 48 | 229 | 20 | 102 | 0 | 5180 | 5731 | 72 | 48 | 102 | 2400 | 2622 |
| 6. | ਬੀ.ਐਸ.ਸੀ. (ਕੰਪਿਊਟਰ ਸਾਇੰਸ) - 1 ਸਮੈਸਟਰ | 10 | 72 | 70 | 48 | 229 | 20 | 102 | 0 | 5180 | 5731 | 72 | 48 | 102 | 2400 | 2622 |
| 7. | ਬੀ.ਸੀ.ਏ. - 1 ਸਮੈਸਟਰ | 10 | 72 | 70 | 48 | 229 | 20 | 0 | 0 | 4380 | 5629 | 72 | 48 | 0 | 2400 | 2520 |
| 8. | ਬੀ.ਏ. - 3 ਸਮੈਸਟਰ | 0 | 72 | 70 | 48 | 229 | 0 | 0 | 50 | 4380 | 4849 | 72 | 48 | 0 | 1900 | 2020 |
| 9. | ਬੀ.ਕਾਮ. - 3 ਸਮੈਸਟਰ | 0 | 72 | 70 | 48 | 229 | 0 | 0 | 50 | 4880 | 4849 | 72 | 48 | 0 | 1900 | 2020 |
| 10 | ਬੀ.ਐਸ.ਸੀ. (ਮੈਡੀਕਲ) - 3 ਸਮੈਸਟਰ | 0 | 72 | 70 | 48 | 229 | 0 | 144 | 50 | 4880 | 5493 | 72 | 48 | 144 | 2400 | 2664 |
| 11 | ਬੀ.ਐਸ.ਸੀ. (ਨਾਨ-ਮੈਡੀਕਲ) - 3 ਸਮੈਸਟਰ | 0 | 72 | 70 | 48 | 229 | 0 | 102 | 50 | 4880 | 5451 | 72 | 48 | 102 | 2400 | 2622 |
| 12 | ਬੀ.ਐਸ.ਸੀ. (ਅਰਥ ਸ਼ਾਸਤਰ) - 3 ਸਮੈਸਟਰ | 0 | 72 | 70 | 48 | 229 | 0 | 102 | 50 | 4880 | 5451 | 72 | 48 | 102 | 2400 | 2622 |
| 13 | ਬੀ.ਐਸ.ਸੀ. (ਕੰਪਿਊਟਰ ਸਾਇੰਸ) - 3 ਸਮੈਸਟਰ | 0 | 72 | 70 | 48 | 229 | 0 | 102 | 50 | 4880 | 5451 | 72 | 48 | 102 | 2400 | 2622 |
| 14 | ਬੀ.ਸੀ.ਏ. - 3 ਸਮੈਸਟਰ | 0 | 72 | 70 | 48 | 229 | 0 | 0 | 50 | 4380 | 5349 | 72 | 48 | 0 | 2400 | 2520 |
| 15 | ਬੀ.ਏ. - 5 ਸਮੈਸਟਰ | 0 | 72 | 70 | 48 | 229 | 0 | 0 | 50 | 4380 | 4849 | 72 | 48 | 0 | 1900 | 2020 |
| 16 | ਬੀ.ਕਾਮ. - 5 ਸਮੈਸਟਰ | 0 | 72 | 70 | 48 | 229 | 0 | 0 | 50 | 4880 | 4849 | 72 | 48 | 0 | 1900 | 2020 |
| 17 | ਬੀ.ਐਸ.ਸੀ. (ਮੈਡੀਕਲ) - 5 ਸਮੈਸਟਰ | 0 | 72 | 70 | 48 | 229 | 0 | 144 | 50 | 4880 | 5493 | 72 | 48 | 144 | 2400 | 2664 |
| 18 | ਬੀ.ਐਸ.ਸੀ. (ਨਾਨ-ਮੈਡੀਕਲ) - 5 ਸਮੈਸਟਰ | 0 | 72 | 70 | 48 | 229 | 0 | 102 | 50 | 4880 | 5451 | 72 | 48 | 102 | 2400 | 2622 |
| 19 | ਬੀ.ਐਸ.ਸੀ. (ਅਰਥ ਸ਼ਾਸਤਰ) - 5 ਸਮੈਸਟਰ | 0 | 72 | 70 | 48 | 229 | 0 | 102 | 50 | 4880 | 5451 | 72 | 48 | 102 | 2400 | 2622 |
| 20 | ਬੀ.ਐਸ.ਸੀ. (ਕੰਪਿਊਟਰ ਸਾਇੰਸ) - 5 ਸਮੈਸਟਰ | 0 | 72 | 70 | 48 | 229 | 0 | 102 | 50 | 4880 | 5451 | 72 | 48 | 102 | 2400 | 2622 |
| 21 | ਬੀ.ਸੀ.ਏ. - 5 ਸਮੈਸਟਰ | 0 | 72 | 70 | 48 | 229 | 0 | 0 | 50 | 4880 | 5349 | 72 | 48 | 0 | 2400 | 2520 |
| 22 | ਐਮ.ਏ. (ਅੰਗਰੇਜ਼ੀ) - 1 ਸਮੈਸਟਰ | 15 | 90 | 70 | 48 | 229 | 30 | 0 | 50 | 4250 | 4812 | 90 | 48 | 0 | 1900 | 2038 |
| 23 | ਐਮ.ਏ. (ਅਰਥ ਸ਼ਾਸਤਰ) - 1 ਸਮੈਸਟਰ | 15 | 90 | 70 | 48 | 229 | 30 | 0 | 50 | 4780 | 5312 | 90 | 48 | 0 | 2400 | 2538 |
| 24 | ਐਮ.ਕਾਮ. - 1 ਸਮੈਸਟਰ | 15 | 90 | 70 | 48 | 229 | 30 | 0 | 50 | 4780 | 5312 | 90 | 48 | 0 | 2400 | 2538 |
| 25 | ਐਮ.ਏ. (ਅੰਗਰੇਜ਼ੀ) - 3 ਸਮੈਸਟਰ | 0 | 90 | 70 | 48 | 229 | 0 | 0 | 50 | 4380 | 4867 | 90 | 48 | 0 | 1900 | 2038 |
| 26 | ਐਮ.ਏ. (ਅਰਥ ਸ਼ਾਸਤਰ) - 3 ਸਮੈਸਟਰ | 0 | 90 | 70 | 48 | 229 | 0 | 0 | 50 | 4380 | 4867 | 90 | 48 | 0 | 1900 | 2038 |
| 27 | ਐਮ.ਕਾਮ. - 3 ਸਮੈਸਟਰ | 0 | 90 | 70 | 48 | 229 | 0 | 0 | 50 | 4380 | 4867 | 90 | 48 | 0 | 1900 | 2038 |
| 28 | ਪੀ.ਜੀ.ਡੀ.ਸੀ.ਏ. | 15 | 90 | 70 | 48 | 229 | 30 | 0 | 50 | 4780 | 5312 | 90 | 48 | 0 | 2400 | 2538 |

ਨੋਟ-

1. ਉਕਤ ਫੀਸ ਪੀ.ਟੀ.ਏ. ਫੰਡ ਅਤੇ ਐਸ.ਐਫ.ਐਸ. ਦੀ ਰਾਸ਼ੀ ਸ਼ਾਮਿਲ ਨਹੀਂ ਹੈ।
2. ਜਿਹੜੇ ਵਿਦਿਆਰਥੀ ਬਾਹਰਲੇ ਬੋਰਡ ਅਤੇ ਯੂਨੀਵਰਸਿਟੀ ਤੋਂ ਆ ਕੇ ਦਾਖ਼ਲਾ ਲੈਂਦੇ ਹਨ, ਉਹਨਾਂ ਵਿਦਿਆਰਥੀਆਂ ਤੋਂ ਯੂਨੀਵਰਸਿਟੀ ਮਾਈਗਰੇਸ਼ਨ ਫੀਸ 1800/- ਰੁਪਏ ਅਲੱਗ ਤੋਂ ਲਈ ਜਾਵੇਗੀ।
3. ਆਰਟਸ ਦੀਆਂ ਕਲਾਸਾਂ ਲਈ ਇੱਕ ਪ੍ਰੈਕਟੀਕਲ ਵਿਸ਼ੇ ਹੋਣ ਦੀ ਸੂਰਤ ਵਿੱਚ 584/- ਰੁਪਏ ਫੀਸ (ਪ੍ਰਤੀ ਸਮੈਸਟਰ) ਅਲੱਗ ਲੱਗੇਗੀ।
4. ਫੀਸ ਕਿਸੇ ਵਕਤ ਵੀ ਪੰਜਾਬੀ ਸਰਕਾਰ/ਡੀ.ਪੀ.ਆਈ. ਦਫ਼ਤਰ ਯੂਨੀਵਰਸਿਟੀ ਦੇ ਹੁਕਮਾਂ ਅਨੁਸਾਰ ਬਦਲੀ ਜਾ ਸਕਦੀ ਹੈ।
5. ਸੈਸ਼ਨ 2025-26 ਦੌਰਾਨ ਦੋਹਾਂ ਸਮੈਸਟਰਾਂ ਲਈ ਪ੍ਰਤੀ ਵਿਦਿਆਰਥੀ ਪਾਸ ਪੀ.ਟੀ.ਏ. ਫੰਡ 4000/- ਰੁਪਏ ਇੱਕੋ ਵਾਰ ਲਿਆ ਜਾਵੇਗਾ।
6. ਕਾਲਜ ਵਿੱਚ ਸੈਲਫ ਫਾਈਨੈਂਸ ਸਕੀਮ ਅਧੀਨ ਚੱਲ ਰਹੇ ਚਾਰ ਕੋਰਸਾਂ ਦੀ ਸਾਲਾਨਾ ਫੀਸ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਅਲੱਗ ਤੋਂ ਜਮਾਂ ਕਰਵਾਉਣੀ ਪਾਵੇਗੀ।
   (1) ਬੀ.ਐਸ.ਸੀ. (ਅਰਥ ਸ਼ਾਸਤਰ) 8,000/- ਰੁਪਏ (2) ਬੀ.ਐਸ.ਸੀ. (ਕੰਪਿਊਟਰ ਸਾਇੰਸ) 10,000/- ਰੁਪਏ (3) ਪੀ.ਜੀ.ਡੀ.ਸੀ.ਏ. 12,000/- ਰੁਪਏ (4) ਬੀ.ਸੀ.ਏ. 18,000/- ਰੁਪਏ

ਫਾਰਮ ਨੰ. ..................          ਸੈਸ਼ਨ (2025-26)

# ਨ.ਜ.ਸ.ਅ. ਸਰਕਾਰੀ ਕਾਲਜ, ਕਪੂਰਥਲਾ

## ਦਾਖ਼ਲਾ ਫਾਰਮ

(ਤਿੰਨ ਸਾਲਾਂ / ਚਾਰ ਸਾਲਾਂ ਕੋਰਸ)

ਆਪਣੀ ਇੱਕ ਫੋਟੋ ਇੱਥੇ ਗੂੰਦ ਨਾਲ ਚਿਪਕਾਓ ਅਤੇ ਇੱਕ ਫੋਟੋ ਨਾਲ ਨੱਥੀ ਕਰੋ

ਜਿਸ ਕਲਾਸ ਵਿੱਚ ਦਾਖ਼ਲਾ ਲੈਣਾ ਹੈ ..................................

### ਦਫ਼ਤਰੀ ਵਰਤੋਂ ਲਈ

ਰੋਲ ਨੰ. ____ ਦਾਖ਼ਲ ਹੋਣ ਦੀ ਮਿਤੀ ____

2024-25 ਵਿੱਚ ਦਿੱਤੀ ਪ੍ਰੀਖਿਆ ____ ਨਤੀਜਾ-ਪਾਸ/ਫੇਲ/ਕੰਪਾਰਟਮੈਂਟ ____ ਪ੍ਰਾਪਤ ਅੰਕ ____ ਕੁਲ ਅੰਕ ____ % ਅੰਕ ____

1. ਨਾਮ (ਅੰਗਰੇਜ਼ੀ ਵਿੱਚ) ____
   ਨਾਮ (ਪੰਜਾਬੀ ਵਿੱਚ) ____
2. ਪਿਤਾ ਦਾ ਨਾਮ (ਅੰਗਰੇਜ਼ੀ ਵਿੱਚ) ____
   ਪਿਤਾ ਦਾ ਨਾਮ (ਪੰਜਾਬੀ ਵਿੱਚ) ____
3. ਮਾਤਾ ਦਾ ਨਾਮ (ਅੰਗਰੇਜ਼ੀ ਵਿੱਚ) ____
   ਮਾਤਾ ਦਾ ਨਾਮ (ਪੰਜਾਬੀ ਵਿੱਚ) ____
4. ਜਨਮ ਮਿਤੀ (ਦਸਵੀਂ ਜਮਾਤ ਦੇ ਸਰਟੀਫਿਕੇਟ ਅਨੁਸਾਰ) ____ 5. ਬਲੱਡ ਗਰੁੱਪ ____
6. (ੳ) ਪਿਤਾ ਸਰਪ੍ਰਸਤ ਦਾ ਨਾਮ ____
   (ਅ) ਕਿੱਤਾ ____
   (ੲ) ਸਾਲਾਨਾ ਆਮਦਨ (ਮਾਤਾ, ਪਿਤਾ ਅਤੇ ਸਾਰੇ ਪਰਿਵਾਰ ਦੀ) ____
   (ਸ) ਘਰ ਦਾ ਪੂਰਾ ਪਤਾ ____
   (ਹ) ਫੋਨ ਨੰ. (ਘਰ) ____ ਦਫਤਰ ____
7. ਕੀ ਵਿਦਿਆਰਥੀ ਅੰਗਹੀਣ ਹੈ। ਹਾਂ/ਨਾਂਹ ____ 8. ਕੀ ਵਿਦਿਆਰਥੀ ਦਾ ਪੜ੍ਹਾਈ ਵਿੱਚ ਕੋਈ ਗੈਪ ਹੈ। ਹਾਂ/ਨਾਂ ____ ਜੇ ਹੈ ਤਾਂ ਕਿੰਨਾ........
9. (ੳ) ਕੀ ਤੁਸੀਂ ਪੱਛੜੀ ਜਾਤੀ ਦਾਂ ਅਨੁਸੂਚਿਤ ਜਾਤੀ ਜਾਂ ਘੱਟ ਗਿਣਤੀ ਜਾਤੀ ਨਾਲ ਸੰਬੰਧ ਰੱਖਦੇ ਹੋ? ............ ਹਾਂ/ਨਾਂਹ
   (ਅ) ਜੇ ਹੈ ਤਾਂ ਜਾਤੀ ਦਾ ਨਾਮ ਲਿਖੋ ਅਤੇ ਜਾਤੀ ਅਤੇ ਰਿਹਾਇਸ਼ੀ ਸਰਟੀਫਿਕੇਟ ਨਾਲ ਨੱਥੀ ਕਰੋ ____
   (ੲ) ਆਪਣੇ ਬੈਂਕ ਅਤੇ ਬੈਂਕ ਸ਼ਾਖਾ ਦਾ ਨਾਮ ____
   (ਸ) ਆਪਣੇ ਬੈਂਕ ਖਾਤੇ ਦਾ ਨੰਬਰ (ਆਧਾਰ ਕਾਰਡ ਨਾਲ ਲਿੰਕ ਕੀਤਾ ਹੋਇਆ) ____
   (ਹ) ਆਪਣੇ ਬੈਂਕ ਸ਼ਾਖਾ ਦਾ ਆਈ.ਐਫ.ਐਸ.ਸੀ. (IFSC) ਕੋਡ ____
   (ਕ) ਆਧਾਰ ਕਾਰਡ ਨੰ. (UID/EID) ____
   (ਖ) ਈ-ਮੇਲ ਆਈ.ਡੀ. ____
10. ਯੂਨੀਵਰਸਿਟੀ ਰਜਿਸਟਰੇਸ਼ਨ ਨੰਬਰ ____
11. ਕਾਲਜ ਦੇ ਪੁਰਾਣੇ ਵਿਦਿਆਰਥੀ ਹੋ ਤਾਂ ਹੇਠਲੇ ਖਾਨੇ ਪੂਰੇ ਕਰੋ।
   (ੳ) ਪਿਛਲੀ ਜਮਾਤ ____
   (ਅ) ਕਾਲਜ ਰੋਲ ਨੰਬਰ (ਸਾਲ 2024-25 ਦੀ ਜਮਾਤ ਦਾ) ____
   (ੲ) ਪਹਿਲੀ ਵਾਰ ਦਾਖ਼ਲੇ ਦੀ ਤਾਰੀਖ ਤੇ ਸਾਲ ____
   (ਸ) ਕੀ ਤੁਹਾਡੀ ਪੁਰਾਣੀ ਜ਼ਮਾਨਤ ਇਸ ਕਾਲਜ ਵਿੱਚ (ਸਾਲ 2024-25) ਅਜੇ ਜਮ੍ਹਾਂ ਹੈ? ____
   (ਹ) ਟਿਊਟਰ ਦਾ ਨਾਮ ____
12. ਤੁਸੀਂ ਕਿਹੜੇ ਵਿਸ਼ੇ ਪੜ੍ਹਨਾ ਚਾਹੁੰਦੇ ਹੋ?

   1) ਅੰਗਰਜ਼ੀ ਲਾਜ਼ਮੀ          2) ਪੰਜਾਬੀ ਲਾਜ਼ਮੀ          3) ........................
   4) ........................          5) ........................          6) ........................
   7) ........................          8) ........................          9) Skill enhancement course .............
13. ਵਿਸ਼ਿਆਂ ਦਾ ਮਾਧਿਅਮ
14. ਅਕਾਦਮਿਕ ਰਿਕਾਰਡ (ਮੈਟ੍ਰਿਕ ਤੋਂ ਲੈ ਕੇ)

| ਸਾਲ | ਇਮਤਿਹਾਨ | ਯੂਨੀਵਰਸਿਟੀ ਜਾਂ ਬੋਰਡ ਦਾ ਨਾਂ | ਰੋਲ ਨੰਬਰ | ਨਤੀਜਾ ਪਾਸ/ਫੇਲ ਕੰਪਾਰਟਮੈਂਟ | ਪ੍ਰਾਪਤ ਕੀਤੇ ਅੰਕ | ਕੁਲ ਅੰਕ | % ਅੰਕ | ਲਏ ਵਿਸ਼ੇ | ਸਕੂਲ/ਕਾਲਜ ਦਾ ਪੂਰਾ ਨਾਮ |
|---|---|---|---|---|---|---|---|---|---|
| 2024-25 | | | | | | | | | |
| 2023-24 | | | | | | | | | |
| 2022-23 | | | | | | | | | |
| 2021-22 | | | | | | | | | |
| 2020-21 | | | | | | | | | |

# ਕਾਲਜ ਦੀਆਂ ਸਰਗਰਮੀਆਂ



ਨਵ-ਨਿਯੁਕਤ ਕਾਲਜ ਪ੍ਰਿੰਸੀਪਲ ਡਾ. ਮੋਨਿਕਾ ਖੰਨਾ ਸਰਕਾਰੀ ਕਾਲਜ ਕਪੂਰਥਲਾ ਦਾ ਚਾਰਜ ਲੈਂਦੇ ਹੋਏ



ਡਿਪਟੀ ਡਾਇਰੈਕਟਰ ਬਣੇ ਪ੍ਰਿੰਸੀਪਲ ਡਾ. ਜਤਿੰਦਰਪਾਲ ਸਿੰਘ ਨੂੰ ਸਮੂਹ ਸਟਾਫ ਨਿੱਘੀ ਵਿਦਾਇਗੀ ਦਿੰਦੇ ਹੋਏ



ਕਾਲਜ ਐਨ.ਸੀ.ਸੀ. ਯੂਨਿਟ ਦੇ ਵਿਦਿਆਰਥੀ ਕਾਰਜਕਾਰੀ ਪ੍ਰਿੰਸੀਪਲ ਡਾ. ਮੋਨਿਕਾ ਖੰਨਾ ਨਾਲ ਵਿਸ਼ਵ ਵਾਤਾਵਰਣ ਦਿਵਸ ਮੌਕੇ




ਗ੍ਰੀਨ ਐਨਵਾਇਰਨਮੈਂਟ ਸੈੱਲ ਦੇ ਵਿਦਿਆਰਥੀ ਕ੍ਰਿਸ਼ੀ ਵਿਗਿਆਨ ਕੇਂਦਰ ਕਪੂਰਥਲਾ ਵਿਖੇ



ਈਕੋ ਕਲੱਬ ਦੇ ਵਿਦਿਆਰਥੀ ਕਾਂਜਲੀ ਵੈੱਟ ਲੈਂਡ ਵਿਖੇ



ਕਾਲਜ ਦੇ ਕਰੀਅਰ ਕਾਊਂਸਲਿੰਗ ਅਤੇ ਗਾਈਡੈਂਸ ਸੈੱਲ ਦੇ ਵਿਦਿਆਰਥੀ ਉਦਯੋਗਿਕ ਯਾਤਰਾ ਮੌਕੇ ਅੰਮ੍ਰਿਤਸਰ ਵਿਖੇ




ਰੈੱਡ ਰਿਬਨ ਕਲੱਬ ਦੇ ਵਿਦਿਆਰਥੀ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮੌਕੇ ਕਰਵਾਏ ਗਏ ਪੋਸਟਰ ਮੇਕਿੰਗ ਅਤੇ ਪੇਪਰ ਰੀਡਿੰਗ ਮੁਕਾਬਲੇ ਮੌਕੇ ਵਾਇਸ ਪ੍ਰਿੰਸੀਪਲ ਡਾ ਮੋਨਿਕਾ ਖੰਨਾ ਅਤੇ ਇੰਚਾਰਜ ਅਧਿਆਪਕ ਸਾਹਿਬਾਨਾਂ ਨਾਲ



ਤੀਜ ਦੇ ਦਿਹਾੜੇ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਮੋਨਿਕਾ ਖੰਨਾ ਸਮੂਹ ਸਟਾਫ ਨਾਲ



ਕਾਲਜ ਦੇ ਐਨ.ਸੀ.ਸੀ. ਯੂਨਿਟ ਦੇ ਵਿਦਿਆਰਥੀ ਵਾਇਸ ਪ੍ਰਿੰਸੀਪਲ ਡਾ. ਮੋਨਿਕਾ ਖੰਨਾ ਅਤੇ ਅਧਿਆਪਕਾਂ ਨਾਲ 26 ਜਨਵਰੀ ਦੀ ਪਰੇਡ ਮੌਕੇ



ਸਲਾਨਾ ਖੇਡ ਸਮਾਰੋਹ ਦੌਰਾਨ ਜੇਤੂ ਹਾਊਸ ਨੂੰ ਟਰਾਫੀ ਪ੍ਰਦਾਨ ਕਰਦੇ ਹੋਏ ਪ੍ਰਿੰਸੀਪਲ ਡਾ. ਜਤਿੰਦਰਪਾਲ ਸਿੰਘ



ਮਾਤ ਭਾਸ਼ਾ ਦਿਵਸ ਮੌਕੇ ਪੰਜਾਬੀ ਵਿਭਾਗ ਦੇ ਸ਼੍ਰੀ ਹੈਪੀ ਕੁਮਾਰ ਅਤੇ ਸਟਾਫ ਪ੍ਰਿੰਸੀਪਲ ਡਾ. ਜਤਿੰਦਰਪਾਲ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ




ਕਪੂਰਥਲਾ ਵਿਰਾਸਤੀ ਮੇਲਾ 2025 ਵਿੱਚ ਭਾਗ ਲੈਂਦੇ ਹੋਏ ਕਾਲਜ ਦੇ ਵਿਦਿਆਰਥੀ

**ਨਵਾਬ ਜੱਸਾ ਸਿੰਘ ਆਹਲੂਵਾਲੀਆ**

**ਸਰਕਾਰੀ ਕਾਲਜ, ਕਪੂਰਥਲਾ**

Price : 50/-

# ਨਵਾਬ ਜੱਸਾ ਸਿੰਘ ਆਹਲੂਵਾਲੀਆ
# ਸਰਕਾਰੀ ਕਾਲਜ, ਕਪੂਰਥਲਾ

Affiliated to Guru Nanak Dev University, Amritsar
(NAAC Accredited with Grade B+)

# ਪ੍ਰਾਸਪੈਕਟਸ
## 2025-26






E-mail : gckapurthala@gmail.com
Website : www.gckpt.com
Contact No. 01822-233581
www.facebook.com/share/18rJznqfod/
@njsagovt.college_kapurthala